Postal No. - Jallandhar Vide No. L-4/PB/JL-0196/2024-2026

Regd No. 32212/78

# ਲੁਬਾਣਾ ਸੇਵਕ

ਨਵੰਬਰ 2024 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਦੇਸ਼-ਵਿਦੇਸ਼ ਦੀ ਸਮੂਹ ਸੰਗਤ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਦੀਆਂ ਲੱਖ-ਲੱਖ ਵਧਾਈਆਂ !



## ਹਿੰਦ ਕੋ ਏਕ ਮਰਦੇ-ਕਾਮਲ ਨੇ ਜਗਾਇਆ ਖ਼ਾਬ ਸੇ

# ਵਡਾ ਪੁਰਖੁ ਪਰਗਟਿਆ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਜ਼ਾਹਰ ਪੀਰ ਜਗਤੁ ਗੁਰੁ ਬਾਬਾ



ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਤੋਂ ਪਹਿਲਾਂ ਦੇਸ਼ ਦੀ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਅਵਸਥਾ ਏਨੀ ਜ਼ਰਜ਼ਰੀ ਹੋ ਚੁੱਕੀ ਸੀ ਕਿ ਸੱਚ, ਧਰਮ, ਇਨਸਾਫ ਖੰਭ ਲਾ ਕੇ ਉੱਡ ਚੁੱਕਾ ਸੀ। ਕਾਜ਼ੀ ਰਿਸ਼ਵਤੀ ਹੋ ਚੁੱਕੇ ਸਨ। ਬ੍ਰਾਹਮਣਾਂ ਦੇ ਕਰਮਕਾਂਡਾਂ, ਵਹਿਮਾਂ-ਭਰਮਾਂ ਤੇ ਊਚ-ਨੀਚ ਦੇ ਵਰਤਾਰੇ ਨੇ ਸਮਾਜਿਕ ਢਾਂਚਾ ਖੋਖਲਾ ਕਰ ਦਿੱਤਾ ਸੀ। ਨੀਵੀਆਂ ਸ਼੍ਰੇਣੀਆਂ ਦਾ ਜੀਣਾ ਮੁਹਾਲ ਕਰ ਦਿੱਤਾ ਸੀ। ਮੁਗ਼ਲਾਂ ਦੇ ਜ਼ੁਲਮਾਂ ਤੇ ਜ਼ਬਰ ਨੇ ਜਨਤਾ ਨੂੰ ਸਾਹ-ਸਤ ਹੀਣ ਕਰ ਦਿੱਤਾ ਸੀ। ਚਾਰੇ ਪਾਸੇ ਲੋਕ ਤ੍ਰਾਹ-ਤ੍ਰਾਹ ਕਰ ਰਹੇ ਸਨ ਤੇ ਫਿਰ ਉਸ ਵੇਲੇ ਅਕਾਲ ਪੁਰਖ਼ ਦੇ ਦਰ ਤੇ ਲੋਕਾਈ ਦੀ ਆਵਾਜ਼ ਪਹੁੰਚ ਗਈ:

**"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੂ ਨਾਨਕ ਜਗ ਮਾਹਿ ਪਠਾਇਆ।"**

ਜਦੋਂ ਵੀ ਦੁਨੀਆਂ ਵਿਚ ਪਾਪ, ਜ਼ੁਲਮ-ਓ-ਸਿਤਮ ਅਤੇ ਅਧਰਮ ਵੱਧ ਜਾਂਦਾ ਹੈ। ਕੂੜ ਦੀ ਕਾਲੀ ਬੋਲੀ ਰਾਤ ਸੱਚ ਰੂਪੀ ਚੰਦਰਮਾ ਨੂੰ ਢੱਕ ਲੈਂਦੀ ਹੈ, ਤਾਂ ਅਕਾਲ ਪੁਰਖ ਆਪਣੇ ਕਿਸੇ ਵਿਸ਼ੇਸ਼ ਰੱਬੀ ਦੂਤ ਨੂੰ ਆਪਣੇ ਨੂਰ ਨਾਲ ਰੋਸ਼ਨ ਕਰਕੇ ਇਸ ਧਰਤੀ ਤੇ ਭੇਜਦਾ ਹੈ ਸੋ ਗੁਰੂ ਨਾਨਕ ਸਾਹਿਬ ਦੇ ਆਗਮਨ ਨਾਲ ਚਾਰੇ ਪਾਸੇ ਠੰਡ ਵਰਤ ਪਈ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰੇਮ, ਦਇਆ, ਧਰਮ ਸੱਚ, ਨਿਆਂ ਅਤੇ ਮਿਹਰਾਂ ਦਾ ਸੂਰਜ ਚੜ੍ਹਿਆ। ਇਸ ਬਾਬਤ ਭਾਈ ਗੁਰਦਾਸ ਜੀ ਫ਼ੁਰਮਾਉਂਦੇ ਹਨ:

**"ਚੜਿਆ ਸੂਰਜੁ ਜਗੁ ਰੁਸਨਾਈ"**

ਗੁਰੂ ਨਾਨਕ ਸਾਹਿਬ ਨੇ ਭੁੱਲੀ ਭਟਕੀ ਲੋਕਾਈ ਅਤੇ ਉਨ੍ਹਾਂ ਵਿਚ ਪਸਰੀ ਅਗਿਆਨਤਾ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਕਰਮ-ਕਾਂਡਾਂ ਨੂੰ ਦੂਰ ਕੀਤਾ ਅਤੇ ਇਕ ਅਕਾਲ ਪੁਰਖ ਨਾਲ ਜੋੜ ਕੇ ਸਿੱਧੇ ਰਾਹ ਪਾਇਆ।

ਜਗਤੁ ਗੁਰੁ ਬਾਬਾ ਨਾਨਕ ਦਾ ਪ੍ਰਕਾਸ਼ 15 ਅਪ੍ਰੈਲ 1469 ਈ: ਨੂੰ ਰਾਇ ਭੋਇ ਦੀ ਤਲਵੰਡੀ ਪਿਤਾ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦੇ ਘਰ ਹੋਇਆ। ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਮਹਿਤਾ ਕਾਲੂ ਜੀ ਇੱਕ ਭੱਟੀ ਜਗੀਰਦਾਰ ਰਾਇ ਬੁਲਾਰ ਦੇ ਪਟਵਾਰੀ ਸਨ। ਪਿਤਾ ਮਹਿਤਾ ਕਾਲੂ ਜੀ ਨੇ ਆਪ ਨੂੰ ਸੱਤ ਸਾਲ ਦੀ ਉਮਰ ਵਿਚ ਬ੍ਰਾਹਮਣ ਅਧਿਆਪਕ ਪਾਸ ਪੜ੍ਹਨ ਭੇਜਿਆ। ਆਪ ਨੇ ਉਨ੍ਹਾਂ ਤੋਂ ਦੇਵਨਾਗਰੀ ਲਿੱਪੀ ਪੜ੍ਹਨੀ ਤੇ ਲਿਖਣੀ ਸਿੱਖਣ ਤੋਂ ਇਲਾਵਾ ਗਣਿਤ ਬਾਰੇ ਵੀ ਗਿਆਨ ਪ੍ਰਾਪਤ ਕੀਤਾ। ਫਾਰਸੀ ਤੇ ਇਸਲਾਮੀ ਸਹਿਤ ਦੇ ਅਧਿਐਨ ਲਈ ਸਥਾਨਕ ਮੌਲਵੀ ਪਾਸ ਭੇਜਿਆ ਗਿਆ। ਜਦੋਂ ਆਪ ਦੀ ਉਮਰ ਨੌਂ ਸਾਲ ਦੀ ਹੋਈ ਤਾਂ ਆਪ ਨੂੰ ਜਨੇਊ ਪਹਿਨਾਉਣ ਦੀ ਰਸਮ ਨੂੰ ਪੂਰੀ ਕਰਨ ਲਈ ਕਿਹਾ ਗਿਆ ਤਾਂ ਆਪ ਨੇ ਇਹ ਕਹਿ ਕੇ ਜਨੇਊ ਪਹਿਨਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਅਜਿਹਾ ਜਨੇਊ ਪਹਿਨਣਗੇ ਜੋ **"ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥"**

ਗੁਰੂ ਨਾਨਕ ਸਾਹਿਬ ਜੀ ਦਾ ਵਿਆਹ ਬਟਾਲੇ ਸ਼ਹਿਰ ਦੇ ਰਹਿਣ ਵਾਲੇ ਸ਼੍ਰੀ ਮੂਲ ਚੰਦ ਦੀ ਪੁੱਤਰੀ ਸੁਲੱਖਣੀ ਨਾਲ ਹੋਇਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਗੁਰੂ ਜੀ ਉੱਪਰ ਕੱਚੀ ਕੰਧ ਡੇਗਣ ਦੀ ਕੋਸ਼ਿਸ਼ ਕੀਤੀ ਸੀ, ਪਰ ਗੁਰੂ ਸਾਹਿਬ ਜੀ ਨੇ ਉਹਨਾਂ ਦੇ ਇਸ ਕਾਰਜ ਨੂੰ ਸਫਲ ਨਾ ਹੋਣ ਦਿੱਤਾ ਅਤੇ ਮੁਖੋਂ ਫ਼ੁਰਮਾਇਆ ਕਿ ਇਹ ਕੰਧ ਜੁਗੋ ਜੁਗ ਅਟੱਲ ਰਹੇਗੀ ਅਤੇ ਇਹ ਕੰਧ ਅਜੇ ਵੀ ਬਟਾਲੇ ਵਿਚ ਕਾਇਮ ਹੈ। ਹੁਣ ਇਸ ਅਸਥਾਨ 'ਤੇ ਗੁਰਦੁਆਰਾ ਸ੍ਰੀ ਕੰਧ ਸਾਹਿਬ ਹੈ। ਆਪ ਜੀ ਦੇ ਘਰ ਦੋ ਸਪੁੱਤਰ ਬਾਬਾ ਸ਼੍ਰੀ ਚੰਦ ਤੇ ਲੱਖਮੀ ਦਾਸ ਜੀ ਪੈਦਾ ਹੋਏ। ਕੁਝ ਸਮਾਂ ਗੁਰੂ ਸਾਹਿਬ ਆਪਣੀ ਭੈਣ ਨਾਨਕੀ ਦੇ ਗ੍ਰਹਿ ਸੁਲਤਾਨਪੁਰ ਵਿਖੇ ਰਹੇ ਜਿਥੇ ਆਪ ਨੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਵਿਚ ਨੌਕਰੀ ਕੀਤੀ ਅਤੇ ਤੇਰਾ ਤੇਰਾ ਤੋਲਿਆ। ਕੁਝ ਸ਼ਰਾਰਤੀ ਅਨਸਰਾਂ ਵੱਲੋਂ ਨਵਾਬ ਨੂੰ ਸ਼ਿਕਾਇਤ ਕੀਤੀ ਕਿ ਨਾਨਕ ਗਰੀਬਾਂ ਨੂੰ ਤੇਰਾ ਤੇਰਾ ਕਰਕੇ ਤੋਲੀ ਜਾਂਦਾ ਹੈ ਜਿਸ ਨਾਲ ਮੋਦੀਖਾਨੇ ਦਾ ਨੁਕਸਾਨ ਹੋ ਰਿਹਾ ਹੈ। ਪਰ ਜਦ ਨਵਾਬ ਵੱਲੋਂ ਹਿਸਾਬ ਕੀਤਾ ਗਿਆ ਤੇ ਵੱਧ ਹੀ ਨਿਕਲਿਆ। ਇਥੇ ਹੀ ਆਪ ਵੇਈਂ ਵਿਚ ਇਸ਼ਨਾਨ ਕਰਨ ਉਪਰੰਤ ਕੁਝ ਸਮਾਂ ਇਕਾਂਤਵਾਸ ਰਹੇ ਅਤੇ ਜਦੋਂ ਬਾਹਰ ਆਏ ਤਾਂ ਆਪ ਨੇ "ਨਾ ਕੋਇ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਦਿੱਤਾ। ਗੁਰੂ ਸਾਹਿਬ ਨੇ ਭੁਲੀ ਭਟਕੀ ਦੁਨੀਆਂ ਨੂੰ ਸਿੱਧੇ ਰਸਤੇ ਪਾਉਣ ਲਈ ਉਦਾਸੀਆਂ ਕੀਤੀਆਂ। ਉਦਾਸੀਆਂ ਸਮੇਂ ਭਾਈ ਮਰਦਾਨਾ ਜੀ ਆਪ ਜੀ ਦੇ ਨਾਲ ਸਨ। ਉਦਾਸੀਆਂ ਸਮੇਂ ਆਪ ਐਮਨਾਬਾਦ ਵਿਖੇ ਭਾਈ ਲਾਲੋ ਜੀ ਦੇ ਗ੍ਰਹਿ ਪਹੁੰਚੇ ਅਤੇ ਉਸ ਦਾ ਉਧਾਰ ਕੀਤਾ। ਹਰਿਦੁਆਰ ਵਿਖੇ ਗੰਗਾ ਇਸ਼ਨਾਨ ਸਮੇਂ ਸੂਰਜ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਉਣ ਜਿਹੇ ਵਿਚਾਰਾਂ ਦਾ ਖੰਡਨ ਕੀਤਾ। ਗੋਰਖਨਾਥ ਵਿਖੇ ਜੋਗੀਆਂ ਨੂੰ ਸੱਚ ਦਾ ਉਪਦੇਸ਼ ਦਿੱਤਾ ਅਤੇ ਇਸ ਅਸਥਾਨ ਦਾ ਨਾਮ ਗੋਰਖ ਮਤੇ ਤੋਂ ਬਦਲ ਕੇ ਨਾਨਕ ਮੱਤਾ ਪੈ ਗਿਆ। ਅਯੁਧਿਆ ਦੇ ਬੈਰਾਗੀ ਜੋ ਕਿ ਮੂਰਤੀ ਪੂਜਾ ਕਰਦੇ ਸਨ ਨੂੰ ਇਨ੍ਹਾਂ ਕੁਰੀਤੀਆਂ ਨੂੰ ਛੱਡ ਕੇ ਅਕਾਲ ਪੁਰਖ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਚੋਟੀ ਦੇ ਵਿਦਵਾਨ, ਫ਼ਕੀਰ, ਪੰਡਤ, ਮੌਲਾਣੇ ਬਾਬਾ ਨਾਨਕ ਦੇ ਮੁਰੀਦ ਬਣੇ।

ਭਾਈ ਮਰਦਾਨਾ ਜੀ ਜੋ ਕਿ ਤਲਵੰਡੀ ਦੇ ਰਹਿਣ ਵਾਲੇ ਸਨ ਅਤੇ ਮੁਸਲਮਾਨ ਮਰਾਸੀ ਸਨ, ਗੁਰੂ ਨਾਨਕ ਦੇ ਬਹੁਤ ਅਜੀਜ ਅਤੇ ਚੰਗੇ ਰਬਾਬੀ ਸਨ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਜੀ ਨਾਲ 6 ਦਹਾਕਿਆਂ ਤੱਕ ਰਹੇ।

ਗੁਰੂ ਨਾਨਕ ਸਾਹਿਬ ਨੇ ਆਪ ਹੱਥੀਂ ਖੇਤੀ ਕੀਤੀ ਅਤੇ ਲੋਕਾਈ ਨੂੰ ਉਪਦੇਸ਼ ਦਿੱਤਾ ਕਿ ਨਾਮ ਜਪੋ, ਕਿਰਤ ਕਰੋ ਅਤੇ ਵੰਡ ਕੇ ਛਕੋ।


ਭਗਵਾਨ ਸਿੰਘ ਲੁਬਾਣਾ

ਪ੍ਰਧਾਨ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ




**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181



## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥**
**ਤਿੰਨ ਕੀ ਸੋਭਾ ਕਿਆ ਗਣੀ ਜਿ ਸਾਹਿਬੀ ਮੇਲੜੀਆਹ ॥**

## ਕੱਤਕ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 15-11-2024 (ਸ਼ੁੱਕਰਵਾਰ)**
**ਸੰਗਰਾਂਦ - 16-11-2024 (ਸ਼ਨੀਵਾਰ)**
**ਮੱਸਿਆ - 01-11-2024 (ਸ਼ੁੱਕਰਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 137 | ਨਵੰਬਰ - 2024



1. ਨਾਨਕ ਵਲੀ ਖ਼ੁਦਾਇ 4
2. ਸੰਤ-ਸਿਪਾਹੀ ਗੁਰੂ ਨਾਨਕ ਦੇਵ ਜੀ 7
3. ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ 9
4. ਗੁਰਮਤਿ ਵਿਚ ਸਹਿਜ 11
5. ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 15
6. ਜੀਵਨ ਵਿਕਾਸ - ਇਕ ਸੰਘਰਸ਼ 17
7. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ 'ਗੁਰੂ ਲਾਧੋ ਰੇ' ਦਿਵਸ 19
8. ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋਡ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ ਪਿਛੋਕੜ 21
9. ਗੁਰ ਸਾਗਰ ਦੇ ਸੁੱਚੇ ਮੋਤੀ 24
10. ਨਾਟਕ ਹੀ ਨਾਟਕ 25
11. ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ 26
12. ਸਿਹਤ ਸੰਭਾਲ 28
13. ਕਾਵਿ-ਕਿਆਰੀ 30
14. क्या केवल सिखों के आदि गुरु थे नानक? 32
15. Matrimonial 35
16. ਦਾਨੀ ਸੱਜਣਾਂ ਦੀ ਸੂਚੀ 36



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

*15 ਨਵੰਬਰ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼*

# ਨਾਨਕ ਵਲੀ ਖ਼ੁਦਾਇ



ਗੁਰੂ ਨਾਨਕ ਦੇਵ ਜੀ ਨੂੰ ਵੱਖ-ਵੱਖ ਦੇਸ਼ਾਂ ਦੇ ਵੱਖ-ਵੱਖ ਧਰਮਾਂ ਵੱਲੋਂ ਵਡਿਆਈ ਦੇਣ ਲਈ ਉਨ੍ਹਾਂ ਨੂੰ 'ਨਾਨਕ ਵਲੀ ਖ਼ੁਦਾਇ', 'ਪੈਗ਼ੰਬਰ', 'ਰਹਿਬਰ', 'ਮੁਰਸ਼ਦ', 'ਬੋਧੀ ਸੰਤ', 'ਨਾਨਕ ਲਾਮਾ', 'ਵਲੀ-ਏ-ਹਿੰਦ', 'ਨਾਨਕਚਾਰੀਆ' ਅਤੇ ਹੋਰ ਕਈ ਸਤਿਕਾਰਤ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਕਿਹਾ ਜਾਂਦਾ ਹੈ ਕਿ ਉਹ ਤਾਂ ਪੈਦਾ ਹੀ ਇਨਕਲਾਬੀ ਪੈਗ਼ੰਬਰ ਹੋਏ ਸਨ, ਜਿਨ੍ਹਾਂ ਦਾ ਸਲੋਗਨ ਸੀ, 'ਨਾ ਕੋਈ ਹਿੰਦੂ ਨਾ ਮੁਸਲਮਾਨ' ਉਹ ਤਾਂ ਜਗਤ ਗੁਰੂ ਸਨ – 'ਸਭਨਾਂ ਦਾ ਸਾਂਝਾ ਨਾਨਕ ਸਭਨਾਂ ਦਾ ਯੋਰ ਵੋ' ਅਤੇ 'ਬਾਬਾ ਨਾਨਕ ਸ਼ਾਹ ਫ਼ਕੀਰ, ਹਿੰਦੂ ਕਾ ਗੁਰੂ ਮੁਸਲਮਾਨ ਦਾ ਪੀਰ' ਈਰਾਕ ਦੇ ਮੁਸਲਮਾਨ ਉਨ੍ਹਾਂ ਦਾ ਕਿੰਨਾ ਸਤਿਕਾਰ ਕਰਦੇ ਸਨ, ਇਸ ਦਾ ਪ੍ਰਮਾਣ ਹੈ ਬਗ਼ਦਾਦ ਦੇ ਇਕ ਧਾਰਮਿਕ ਸਥਾਨ ਅੰਦਰ ਉੱਕਰੇ ਹੋਏ ਇਹ ਸ਼ਬਦ – 'ਹਜ਼ਰਤ ਰਬੀ-ਈ-ਮਾਜੀਦ ਬਾਬਾ ਨਾਨਕ ਔਲੀਆ, ਅੱਲਾਹ'। 'ਇਨਕਲਾਬੀ ਉਹ ਹੁੰਦਾ ਹੈ ਜੋ ਦੱਬੇ ਕੁਚਲੇ ਲੋਕਾਂ ਪ੍ਰਤੀ ਆਪਣਾ ਆਪਾ ਸਮਰਪਿਤ ਕਰੇ, ਦੁਖੀ ਮਾਨਵਤਾ ਦੇ ਦੁੱਖ ਦੂਰ ਕਰੇ, ਧਰਵਾਸ ਦੇਵੇ, ਮਾਰਗ ਦਰਸ਼ਨ ਕਰੇ।' ਉਨ੍ਹਾਂ ਨੇ ਪੰਜਾਬ ਦੀ ਹੀ ਨਹੀਂ, ਸਮੁੱਚੀ ਲੋਕਾਈ ਦਾ ਨੈਤਿਕ ਤੇ ਅਧਿਆਤਮਕ ਜੀਵਨ ਸੁਧਾਰਨ ਤੇ ਸਰਬਸਾਂਝੀ ਕੌਮੀਅਤ ਪ੍ਰਤੀ ਜਾਗ੍ਰਿਤੀ ਪੈਦਾ ਕਰਨ ਦਾ ਬੀੜਾ ਚੁੱਕਿਆ। ਉਹ ਸਮੁੱਚੇ ਹਿੰਦੁਸਤਾਨ ਦੇ ਨਾਇਕ ਸਨ, ਜਿਨ੍ਹਾਂ ਵਿਚ ਹੌਸਲਾ, ਪਵਿੱਤਰ ਭਾਵਨਾ, ਹਮਦਰਦੀ ਭਰਿਆ ਵਤੀਰਾ, ਪਵਿੱਤਰ ਮਕਸਦ ਲਈ ਨਰੋਈ ਦਿਆਲੂ ਰੂਹ, ਚੇਤਨੰਤਾ, ਪਿਆਰ, ਇਕਸੁਰਤਾ, ਆਸ਼ਾਵਾਦੀ ਨਜ਼ਰੀਆ, ਭਾਵ ਉਹ ਗੁਣਾਂ ਦਾ ਖ਼ਜ਼ਾਨਾ ਸਨ। ਇਹੀ ਨਾਨਕਾਇਣ ਫਲਸਫ਼ਾ ਸੀ, ਜੋ ਸਰਬਵਿਆਪੀ ਮਾਨਵਤਾ ਲਈ ਸੀ।

ਜਦ ਤੋਂ ਮਨੁੱਖੀ ਭਾਈਚਾਰਾ ਹੋਂਦ ਵਿਚ ਆਇਆ ਹੈ, ਲੋਕਾਈ ਨੂੰ ਦੋ ਭਾਗਾਂ 'ਚ ਵੰਡਿਆ ਗਿਆ ਹੈ – 'ਕੰਮ ਕਰਨ ਵਾਲੇ ਤੇ ਉਨ੍ਹਾਂ ਦੀ ਕਮਾਈ 'ਤੇ ਪਲਣ ਵਾਲੇ।' ਬਹੁਗਿਣਤੀ ਕਿਰਤ ਕਰਨ ਵਾਲਿਆਂ ਦੀ ਹੀ ਹੈ ਪਰ ਉਨ੍ਹਾਂ ਦਾ ਜੀਵਨ ਹਮੇਸ਼ਾ ਥੁੜ੍ਹਾਂ ਭਰਿਆ ਤੇ ਤ੍ਰਿਸਕਾਰ ਵਾਲਾ ਰਿਹਾ ਹੈ। ਕੰਮ ਕਰਨ ਵਾਲੇ ਨੂੰ 'ਕੰਮੀ' ਤੇ ਉਸ ਤੋਂ ਵੀ ਅੱਗੇ 'ਕੰਮੀਣ' ਬਣਾ ਦਿੱਤਾ ਗਿਆ। ਇਸ ਦਾ ਅਰਥ ਹੈ ਕਿ ਕਿਰਤ ਕਰਨ ਵਾਲਿਆਂ ਨੂੰ ਸਮਾਜ ਵਿਚ ਮਾੜੇ ਨਜ਼ਰੀਏ ਨਾਲ ਵੇਖਿਆ ਜਾਂਦਾ ਸੀ। ਹੌਲੀ-ਹੌਲੀ ਇਹ ਵਰਗ-ਵੰਡ ਪੱਕੀ ਹੁੰਦੀ ਗਈ। ਇਹ ਵਰਗ-ਵੰਗ ਪੱਕੀ ਹੁੰਦੀ ਗਈ। ਇਸ ਵਰਗ ਨੂੰ ਦਾਸ ਤੇ ਦਾਸੀਆਂ ਵੀ ਆਖਿਆ ਗਿਆ। ਗੁਰੂ ਨਾਨਕ ਸਾਹਿਬ ਪਹਿਲੇ ਯੁੱਗ ਪੁਰਸ਼ ਹਨ, ਜਿਨ੍ਹਾਂ ਨੇ ਇਸ ਵਰਗ-ਵੰਡ ਦਾ ਵਿਰੋਧ ਕੀਤਾ। ਉਨ੍ਹਾਂ ਸਮਝਾਇਆ ਕਿ ਜਨਮ ਤੋਂ ਸਾਰੇ ਬਰਾਬਰ ਹਨ। ਕੋਈ ਵੀ ਬੁਰਾ ਨਹੀਂ ਹੁੰਦਾ, ਬੁਰੇ ਬੰਦੇ ਦੇ ਕਰਮ ਹੁੰਦੇ ਹਨ। ਉਨ੍ਹਾਂ ਨੇ ਕਿਰਤੀਆਂ ਨੂੰ ਗਲੇ ਲਗਾਇਆ ਤੇ ਆਪਣੇ ਬਰਾਬਰ ਖੜ੍ਹਾ ਕੀਤਾ। ਉਨ੍ਹਾਂ ਕਿਰਤ ਦਾ ਸਤਿਕਾਰ ਕੀਤਾ ਤੇ ਉਸ ਨੂੰ ਸਭ ਤੋਂ ਸ੍ਰੇਸ਼ਟ ਆਖਿਆ। ਉਨ੍ਹਾਂ ਉਪਦੇਸ਼ ਦਿੱਤਾ ਕਿ 'ਕਿਰਤ ਕਰੋ', ਭਾਵ ਸੁੱਚੀ ਕਮਾਈ ਕਰੋ, ਇਸ ਨੂੰ 'ਵੰਡ ਛਕੋ' ਤੇ ਹਮੇਸ਼ਾ ਪਰਮਾਤਮਾ ਨੂੰ ਯਾਦ ਰੱਖੋ। ਇੰਜ ਗੁਰੂ ਸਾਹਿਬ ਨੇ ਸੰਸਾਰ ਨੂੰ ਇਕ ਨਵੇਂ ਸੱਭਿਆਚਾਰ ਦੀ ਬਖ਼ਸ਼ਿਸ਼ ਕੀਤੀ। ਜਦੋਂ ਮਨੁੱਖ ਵੰਡ ਕੇ ਛਕਦਾ ਹੈ ਤਾਂ ਉਹ ਸੁੱਚੀ ਕਿਰਤ ਕਰੇਗਾ, ਉਸ ਅੰਦਰ ਹਲੀਮੀ ਹੋਵੇਗੀ ਤੇ ਉਹ ਮਿੱਠ ਬੋਲੜਾ ਬਣੇਗਾ। ਪਰਮਾਤਮਾ ਦਾ ਨਾਮ ਜਪਦਿਆਂ ਹੀ ਹਉਮੈ ਤੋਂ ਦੂਰ ਰਿਹਾ ਜਾ ਸਕਦਾ ਹੈ, ਸਵੈ ਕਾਬੂ 'ਚ ਰਹਿੰਦਾ ਹੈ ਤੇ ਸਾਰੀ ਕਾਇਨਾਤ ਆਪਣੀ ਨਜ਼ਰ ਆਉਂਦੀ ਹੈ।


**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ**
**ਚੰਡੀਗੜ੍ਹ**
**98155-40240**




ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ

ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ 'ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ' ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ 'ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ।

ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ 'ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਦੇ ਸਾਰੇ ਉਪਦੇਸ਼ ਦਾ ਆਧਾਰ ਹੀ ਇਹੋ ਹੈ:

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਇਹ ਗੁਰੂ ਨਾਨਕ ਸਾਹਿਬ ਜੀ ਦੀ ਬਖ਼ਸ਼ਿਸ਼ ਹੈ ਕਿ ਪੰਜਾਬੀ ਕਿਸਾਨਾਂ ਨੇ ਜਿੱਥੇ ਜਾ ਕੇ ਵੀ ਹਲ ਜੋੜਿਆ, ਧਰਤੀ ਨੂੰ ਗੁਲਜ਼ਾਰ ਬਣਾ ਦਿੱਤਾ। ਇਸ ਸਦੀ ਦੇ ਸ਼ੁਰੂ ਵਿਚ ਪੰਜਾਬੀ ਕਿਸਾਨਾਂ ਨੇ ਹੀ ਪੱਛਮੀ ਪੰਜਾਬ ਦੀਆਂ ਬਾਰਾਂ ਨੂੰ ਅਬਾਦ ਕੀਤਾ ਤੇ ਆਪਣੀ ਮਿਹਨਤ ਨਾਲ ਲਾਇਲਪੁਰ ਨੂੰ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਬਣਾਇਆ। ਆਜ਼ਾਦੀ ਤੋਂ ਬਾਅਦ ਉਹ ਸਭ ਕੁਝ ਲੁਟਾ ਕੇ ਪੱਛਮੀ ਪੰਜਾਬ 'ਚੋਂ ਆਏ ਸਨ। ਸਿਰ ਲੁਕਾਉਣ ਦੀ ਥਾਂ ਮਿਲਦਿਆਂ ਹੀ ਉਨ੍ਹਾਂ ਨੇ ਰੱਜ ਕੇ ਮਿਹਨਤ ਕੀਤੀ ਤੇ ਭੁੱਖਮਰੀ ਦੇ ਮਾਰੇ ਦੇਸ਼ ਨੂੰ ਅਨਾਜ ਦੀ ਪੈਦਾਵਾਰ 'ਚ ਮੋਹਰੀ ਬਣਾਇਆ। ਕਿਸਾਨਾਂ ਨੇ ਸੱਪਾਂ ਦੀਆਂ ਸਿਰੀਆਂ ਮਿੱਧ ਕੇ ਉੱਤਰ ਪ੍ਰਦੇਸ਼ ਦੇ ਤਰਾਈ ਇਲਾਕੇ ਨੂੰ ਸਭ ਤੋਂ ਉਪਜਾਊ ਬਣਾਇਆ। ਰਾਜਸਥਾਨ ਦੇ ਰੇਗਿਸਤਾਨ ਨੂੰ ਗੁਲਜ਼ਾਰ ਬਣਾਉਣ ਵਾਲੇ ਵੀ ਪੰਜਾਬੀ ਕਿਸਾਨ ਹੀ ਹਨ। ਦੇਸ਼ ਵਿਚ ਹੀ ਨਹੀਂ ਸਗੋਂ ਵਿਦੇਸ਼ਾਂ ਵਿਚ ਵੀ ਜਿੱਥੇ ਪੰਜਾਬ ਗਏ ਉਥੋਂ ਦੇ ਵਧੀਆ ਕਿਸਾਨ ਬਣ ਗਏ ਤੇ ਇੰਜ ਗੁਰੂ ਸਾਹਿਬ ਨੇ ਕਿਰਤ ਆਧਾਰਿਤ ਸੱਭਿਆਚਾਰ ਦੀ ਸੰਸਾਰ ਨੂੰ ਬਖਸ਼ਿਸ਼ ਕੀਤੀ।

ਉਨ੍ਹਾਂ ਦੇ ਵਿਚਾਰਾਂ 'ਚੋਂ ਇਨਕਲਾਬੀ ਭਾਵਨਾ ਤਾਂ ਉਦੋਂ ਹੀ ਪ੍ਰਗਟ ਹੋਣੀ ਆਰੰਭ ਹੋ ਗਈ ਸੀ, ਜਦੋਂ ਉਨ੍ਹਾਂ ਨੇ ਔਰਤਾਂ ਦੇ ਹੱਕ 'ਚ ਆਵਾਜ਼ ਉਠਾ ਕੇ ਸਮਾਜ ਵਿਚ ਸਨਮਾਨ ਵਾਲਾ ਦਰਜਾ ਦਿਵਾਉਣ ਦਾ ਉਪਰਾਲਾ ਕੀਤਾ। ਗੁਰੂ ਸਾਹਿਬ ਨੇ ਖੁੱਲ੍ਹ ਕੇ ਔਰਤ ਦੀ ਸਮਾਨਤਾ ਦੀ ਆਵਾਜ਼ ਬੁਲੰਦ ਕੀਤੀ ਤੇ ਆਖਿਆ:

**ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥**

ਉਨ੍ਹਾਂ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ, ਜਦੋਂ ਲਿਖਦੇ ਹਨ:

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
**ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**

ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਮਾਣ ਵਾਲੀ ਗੱਲ ਹੈ ਜਦੋਂ ਅਸੀਂ ਆਖਦੇ ਹਾਂ, "ਇਹ ਬਾਬੇ ਨਾਨਕ ਦਾ ਵਿਹੜਾ ਹੈ, ਜਿੱਥੇ ਨਾਰੀ ਅੰਦਰ ਆਤਮ ਵਿਸ਼ਵਾਸ ਭਰਨ ਲਈ ਬੇਬੇ ਨਾਨਕੀ ਜੀ ਵਰਗੀ ਭੈਣ, ਬੀਬੀ ਖੀਵੀ ਜੀ ਵਰਗੀ ਲੰਗਰ ਦੀ ਜਾਂਚ ਸਿਖਾਉਣ ਵਾਲੀ ਮਾਤਾ, ਨਾਮ ਬਾਣੀ ਦਾ ਅਭਿਆਸ ਕਰਨ ਵਾਲੀ ਬੀਬੀ ਅਮਰੋ ਜੀ, ਧੀਰਜ ਦੀ ਮੂਰਤ ਮਾਤਾ ਗੰਗਾ ਜੀ, ਸੇਵਾ ਕਮਾਉਣ ਵਾਲੀ ਬੀਬੀ ਭਾਨੀ ਜੀ, ਕੁਰਬਾਨੀਆਂ ਦਾ ਇਤਿਹਾਸ ਸਿਰਜਣ ਵਾਲੇ ਮਾਤਾ ਗੁਜਰੀ ਜੀ ਹਨ।"

ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਉਨ੍ਹਾਂ ਨੇ ਜਨੇਊ ਦਾ ਅਸਲੀ ਅਰਥ ਸਮਝਾਉਂਦੇ ਹੋਏ ਲਿਖਿਆ:

**ਦਇਆ ਕਪਾਹ ਸੰਤੋਖੁ ਸੂਤ ਜਤੁ ਗੰਢੀ ਸਤੁ ਵਟੁ ॥**
**ਇਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥**

ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ 'ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਸਾਹਿਬ ਨੇ ਕੰਜੂਸ ਕਾਰੂੰ ਦੀ ਮਿਸਾਲ ਦੇ ਕੇ ਲੋਕਾਂ ਨੂੰ ਸਮਝਾਇਆ ਕਿ ਉਹ ਕਬਰਾਂ ਵਿੱਚੋਂ ਮੁਰਦਿਆਂ

ਦੇ ਮੂੰਹ ’ਚੋਂ ਵੀ ਸਿੱਕੇ ਕਢਵਾ ਲੈਂਦਾ ਸੀ ਜਦਕਿ ਮਾਇਆ ਨਾਲ ਨਹੀਂ ਜਾਣੀ। ਸਿਕੰਦਰ ਤੇ ਰਾਵਣ ਜਿਹੇ ਖ਼ਾਲੀ ਹੱਥ ਚਲੇ ਗਏ। ਉਨ੍ਹਾਂ ਨੇ ਨਸੀਹਤ ਦਿੱਤੀ ਕਿ **‘ਅੰਜਨ ਮਾਹਿ ਨਿਰੰਜਨਿ ਰਹੀਐ’** ਮਾਇਆ ਤਾਂ ਆਉਣੀ-ਜਾਣੀ ਹੈ, ਜਿਸ ਨੇ **‘ਵਿਣੁ ਦੰਤਾ ਜਗੁ ਖਾਇਆ’**।



ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ ’ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ ’ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਲਿਖਿਆ :

**- ਰਾਜੇ ਸ਼ੀਹ ਮੁਕਦਮ ਕੁਤੇ ॥**

**ਜਾਇ ਜਗਾਇਨਿ ਬੈਠੇ ਸੁਤੇ ॥**

**- ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥**

**- ਪਾਪ ਕੀ ਜੰਞ ਲੈ ਕਾਬਲਹੁ ਧਾਇਆ ॥**

**ਜੋਰੀ ਮੰਗੈ ਦਾਨ ਵੇ ਲਾਲੋ ॥**

ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੇ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ। ਭਾਈ ਗੁਰਦਾਸ ਜੀ ਨੇ ਉਨ੍ਹਾਂ ਬਾਰੇ ਲਿਖਿਆ ਹੈ :

**- ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਮੀ ਸਚਾ ਢੋਆ ॥**

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ ‘ਅੰਗਦ’ ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ ’ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਤਰ੍ਹਾਂ-ਤਰ੍ਹਾਂ ਦੇ ਲੋਕਾਂ ਕਿਰਤੀ, ਮਿਸਤਰੀ, ਕੋਹੜੀ, ਅਨਾਥ, ਗ਼ਰੀਬ ਤੇ ਲੱਖਪਤੀਆਂ ਨੂੰ ਮਿਲੇ ਤੇ ਉਨ੍ਹਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਇਸ ਸਥਾਨ ਤੇ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ ’ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ ’ਚ ਪਹੁੰਚਦੇ ਕੀਤੇ ਜਾਣ। ਪੰਜਾਬੀ ਵਿਚ ਬਾਣੀ ਦੀ ਰਚਨਾ ਸਦਕਾ ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਵਧੀ ਤੇ ਧਾਰਮਿਕ ਉਪਦੇਸ਼ ਉਨ੍ਹਾਂ ਤੱਕ ਪੁੱਜੇ। ਇਸ ਤੋਂ ਇਲਾਵਾ ਬ੍ਰਾਹਮਣ ਵਰਗ ਵਿਚ ਉਸ ਵੇਲੇ ਦੇਵ ਭਾਸ਼ਾ ਜਾਂ ਸੰਸਕ੍ਰਿਤ ਪ੍ਰਚਲਿਤ ਸੀ। ਨਿਮਨ ਵਰਗਾਂ ਨੂੰ ਇਹ ਭਾਸ਼ਾ ਪੜ੍ਹਨ ਜਾ ਸਿੱਖਣ ਦੀ ਮਨਾਹੀ ਸੀ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ।

**ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।**

# ਸੰਤ-ਸਿਪਾਹੀ ਗੁਰੂ ਨਾਨਕ ਦੇਵ ਜੀ


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸਹਿ-ਸੰਪਾਦਕ**
**98141-28181**







ਗੁਰੂ ਨਾਨਕ ਸਾਹਿਬ ਜੀ ਦਾ ਸਚਿਆਰ-ਜੀਵਨ ਸੰਤ ਅਤੇ ਸਿਪਾਹੀ ਦੋਹਾਂ ਦੇ ਗੁਣਾਂ ਦਾ ਅਦਭੁਤ ਸੁਮੇਲ ਸੀ। ਆਪ ਜੀ ਨੇ 30 ਸਾਲ ਤੱਕ ਸਮੇਂ ਦੇ ਸਮਾਜ ਨੂੰ ਘੋਖਿਆ। ਬਚਪਨ ਤੋਂ ਲੈ ਕੇ 30 ਸਾਲ ਦੀ ਉਮਰ ਤੱਕ ਪੜ੍ਹਨੇ ਪੈ, ਪੱਟੀਆਂ ਲਿਖੀਆਂ, ਮੱਝੀਂ ਦੇ ਛੇੜੂ ਬਣੇ, ਵਪਾਰੀ ਬਣ ਕੇ ਸੱਚੇ ਸੌਦੇ ਕੀਤੇ, ਗ੍ਰਿਹਸਤੀ ਬਣੇ, ਦੋ ਪੁੱਤਰਾਂ ਦੇ ਪਿਓ ਬਣੇ, ਆਪਣੀ ਵੱਡੀ ਭੈਣ ਨਾਨਕੀ ਦੇ ਸਹੁਰੇ ਪਿੰਡ ਸੁਲਤਾਨਪੁਰ ਲੋਧੀ ਵਿਚ ਨਵਾਬ ਦੌਲਤ ਖਾਂ ਲੋਧੀ ਦੀ ਨੌਕਰੀ ਕਰਕੇ ਮੋਦੀਖਾਨਾ ਸੰਭਾਲਿਆ ਤੇ "ਤੇਰਾ, ਤੇਰਾ" ਦੀ ਮਸਤ ਧੁਨੀ ਲਾ ਕੇ ਗ਼ਰੀਬ-ਗ਼ੁਰਬਿਆਂ ਦੀਆਂ ਭੁੱਖਾਂ ਲਾਹੀਆਂ। ਇਥੇ ਹੀ ਨਵਾਬ, ਮੁੱਲਾ ਤੇ ਹੋਰ ਮੁਸਲਮਾਨਾਂ ਦੀ ਜਮਾਤ ਵਿਚ ਖਲੋ ਕੇ ਮਸੀਤੇ ਨਮਾਜ਼ ਪੜ੍ਹੀ ਤੇ ਨਵਾਬ ਤੇ ਮੁੱਲਾ ਦੇ ਨਿਮਾਜ਼ ਪੜ੍ਹਦਿਆਂ ਭਟਕਦੇ ਮਨਾਂ ਦੀ ਦਸ਼ਾ ਦੱਸ ਕੇ ਕਿਹਾ 'ਜੇ ਮਨ ਹੋਰ ਥਾਂ ਭਟਕਦਾ ਰਹੇ ਤਾਂ ਸਿਜਦੇ ਕਰਨ ਤੇ ਨਿਮਾਜ਼ਾਂ ਪੜ੍ਹਨ ਦਾ ਕੀ ਲਾਭ?'

ਇਸੇ ਤਰ੍ਹਾਂ ਹੀ ਗੁਰੂ ਜੀ ਜੋਗੀਆਂ ਨੂੰ ਕਈ ਤਰ੍ਹਾਂ ਕੁਰਾਹੇ ਜਾਣੋ ਤੇ ਕੁਮਤ ਤੋਂ ਹਟਕਦੇ ਹਨ ਹਾਲਾਂਕਿ ਉਨ੍ਹਾਂ ਦੇ ਸਮੇਂ ਪੰਜਾਬ ਤੇ ਉੱਤਰੀ ਭਾਰਤ ਵਿਚ ਜੋਗੀਆਂ ਦਾ ਬੜਾ ਜ਼ੋਰ ਸੀ, ਥਾਂ-ਥਾਂ ਉਨ੍ਹਾਂ ਦੇ ਟਿਕਾਣੇ ਜਾਂ ਡੇਰੇ ਸਨ ਤੇ ਲੱਖਾਂ ਲੋਕ ਉਹਨਾਂ ਦੇ ਸ਼ਰਧਾਲੂ ਸਨ। 'ਜਪੁ' ਜੀ ਸਾਹਿਬ ਵਿਚ ਵੀ ਉਨ੍ਹਾਂ ਜੋਗੀਆਂ ਤੇ ਸਿੱਧਾਂ-ਸਾਧਾਂ ਨੂੰ ਮੱਤ ਦੇਣ ਲਈ ਚਾਰ ਪਉੜੀਆਂ ਲਿਖੀਆਂ ਹਨ।

ਉਸ ਵੇਲੇ ਮੁਸਲਮਾਨਾਂ ਦਾ ਰਾਜ ਸੀ। ਮੁਸਲਮਾਨ ਹਾਕਮ ਮਜ਼੍ਹਬੀ ਤੁਅੱਸਬ ਤੇ ਰਾਜਸੀ ਤਾਕਤ ਨਾਲ ਅੰਨ੍ਹੇ ਹੋਏ ਹੋਏ ਸਨ। ਹਿੰਦੂ ਹਰ ਤਰ੍ਹਾਂ ਦੀ 'ਜ਼ਲਾਲਤ' ਤੇ ਨਿਰਾਦਰੀ ਸਹਾਰ ਕੇ ਡੰਗ-ਟਪਾਈ ਕਰ ਰਹੇ ਸਨ। ਕੋਈ ਵੀ ਹਿੰਦੂ ਆਪਣੀ ਜਾਨ, ਮਾਲ ਤੇ ਜੀਆਂ ਦੀ ਖ਼ੈਰ ਖਾਤਰ ਮੁਸਲਮਾਨ ਜਰਵਾਣਿਆਂ ਨੂੰ ਕੌੜੀ-ਮਿੱਠੀ ਜਾਂ ਵਿਰੋਧੀ ਗੱਲ ਕਹਿਣ ਨੂੰ ਤਿਆਰ ਨਹੀਂ ਸੀ। ਹਿੰਦੂਆਂ ਦੀਆਂ ਹੱਡੀਆਂ ਵਿਚ ਮੁਹੰਮਦ-ਬਿਨ-ਕਾਸਮ ਦੇ ਹਮਲੇ ਤੋਂ ਲੈ ਕੇ ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ, ਖਿਲਜੀਆਂ, ਤੁਗ਼ਲਕਾਂ ਤੇ ਗ਼ੁਲਾਮ ਖਾਨਦਾਨ ਦੇ ਮੁਸਲਮਾਨ ਰਾਜ ਤੋਂ ਬਾਬਰ ਦੇ ਹਮਲੇ ਤੱਕ, ਗ਼ੁਲਾਮੀ ਧਸ ਚੁੱਕੀ ਸੀ।

ਹਿੰਦੂਆਂ ਵਾਂਗੂੰ ਮੁਸਲਮਾਨ ਵੀ ਮਜ਼੍ਹਬੀ ਉੱਚੇ ਅਸੂਲਾਂ ਨੂੰ ਅਮਲੀ ਜੀਵਨ ਸ਼ਰ੍ਹਾ-ਸ਼ਰੀਅਤ ਤੇ ਮੂੰਹ ਜ਼ਬਾਨੀ ਬਹਿਸਾਂ-ਮੁਬਾਸਿਆਂ ਵਿਚ ਫਸਿਆ ਹੋਇਆ ਸੀ। ਪਰ ਲੁਕ-ਛੁਪ ਕੇ, ਸਲਾਮ ਦੁਆ ਕਰਕੇ ਗੁਜ਼ਾਰਾ ਕਰਨ ਵਾਲਾ ਹਿੰਦੂ ਗ਼ੁਲਾਮ, ਕਿਸੇ ਮੁੱਲਾਂ-ਮੌਲਾਣੇ, ਕਾਜ਼ੀ, ਅਮੀਰ, ਵਜ਼ੀਰ, ਹਾਕਮ ਦੀ ਤਾਂ ਗੱਲ ਹੀ ਛੱਡੋ, ਸਾਧਾਰਨ ਮੁਸਲਮਾਨ ਨੂੰ ਵੀ ਕਿਸੇ ਤਰ੍ਹਾਂ ਸੱਚੀ ਗੱਲ ਸੁਣਾ ਨਹੀਂ ਸਕਦਾ ਸੀ। ਸੱਚ ਕਹਿੰਦਾ ਵੀ ਕਿਵੇਂ? ਹਿੰਦੂ ਤਾਂ ਖੁਦ ਹਰ ਅਮਲੀ ਜੀਵਨ ਤੇ ਉੱਚੇ ਇਨਸਾਨੀ ਆਦਰਸ਼ਾਂ ਨੂੰ ਭੁੱਲ ਕੇ ਕਰਮ-ਕਾਂਡ, ਜੰਤਰਾਂ-ਮੰਤਰਾਂ ਤੇ ਹੋਰ ਅਨੇਕ ਵਹਿਮਾਂ-ਭਰਮਾਂ ਦੇ ਹੱਥ ਵਿਚ ਬੇਜਾਨ ਖਿਡੌਣਾ ਬਣ ਚੁੱਕਿਆ ਸੀ। ਗੁਰੂ ਨਾਨਕ ਦੇਵ ਜੀ ਵਰਗਾ ਸਿਪਾਹੀ ਭਲਾ ਸੱਚ ਬੋਲਣ ਤੋਂ ਕਿਵੇਂ ਰਹਿ ਸਕਦਾ ਸੀ?

ਗੁਰੂ ਸਾਹਿਬ ਹਿੰਦੂਆਂ ਦੀ ਕਰਮ-ਕਾਂਡ ਦੇ ਕਲਾਵੇ ਵਿਚ ਫਸੀ ਹੋਈ ਜ਼ਿੰਦਗੀ ਨੂੰ ਵੇਖ ਕੇ ਦੁਖੀ ਹੁੰਦੇ ਹਨ। ਉਸ ਸਮੇਂ ਦੇ ਹਿੰਦੂਆਂ ਦਾ ਜੀਵਨ ਨਿਰਾਪੁਰਾ ਪਾਖੰਡ ਸੀ। ਮੂੰਹੋਂ ਕੁਝ ਹੋਰ ਕਹਿੰਦੇ ਸਨ ਪਰ ਕਰਦੇ ਕੁਝ ਹੋਰ ਸਨ। ਮੁਸਲਮਾਨ ਜੇ ਹਿੰਦੂਆਂ ਨੂੰ ਕਾਫ਼ਰ ਸਮਝ ਕੇ

ਜ਼ਲੀਲ ਕਰਦੇ ਸਨ ਤਾਂ ਹਿੰਦੂ ਵੀ ਮੁਸਲਮਾਨਾਂ ਨੂੰ ਮਲੇਛ ਕਹਿ ਕੇ ਨਫ਼ਰਤ ਕਰਦੇ ਤੇ ਨੀਚ ਸਮਝਦੇ ਸਨ, ਪਰ ਉਨ੍ਹਾਂ ਦੇ ਇਹ ਖਿਆਲ ਆਪਣੇ ਮਨ ਜਾਂ ਘਰ ਦੀ ਅਗਲੀ ਗੁੱਠ ਵਿਚ ਹੀ ਲੁਕੇ ਰਹਿੰਦੇ ਸਨ। ਅੰਦਰੋਂ ਜਾਂ ਮਨੋਂ ਤਾਂ ਉਹ ਮਲੇਛਾਂ ਨੂੰ ਨਫ਼ਰਤ ਕਰਦੇ ਸਨ ਪਰ ਬੁਜ਼ਦਿਲ ਏਨੇ ਸਨ ਕਿ ਆਪਣੀ ਜਾਨ ਬਚਾਣ, ਸਰਕਾਰੀ ਨੌਕਰੀ ਹਾਸਲ ਕਰਨ ਤੇ ਆਪਣੇ ਢਿੱਡ ਵਿਚ ਚਾਰ ਸੁੱਕੇ, ਚੋਪੜੇ ਜਾਂ ਮਿੱਠੇ ਸਲੂਣੇ ਟੁਕੜੇ ਪਾਣ ਦੀ ਖ਼ਾਤਰ ਮੁਸਲਮਾਨਾਂ ਦਾ ਲਿਬਾਸ ਪਾਂਦੇ ਸਨ। ਮੁਸਲਮਾਨਾਂ ਤੋਂ ਧਾਨ ਲੈ ਕੇ ਖਾਂਦੇ ਸਨ, ਮੁਸਲਮਾਨਾਂ ਦੀ ਬੋਲੀ ਪੜ੍ਹਦੇ ਤੇ "ਅੱਲਾ-ਅੱਲਾ" ਕਰਦੇ ਸਨ। ਇਸ ਤਰ੍ਹਾਂ ਉਹ ਬੇਅਣਖਾ ਜੀਵਨ ਜੀਅ ਕੇ ਦੇਸ਼ ਦੀ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਹੋਰ ਪੱਕੀਆਂ ਕਰ ਰਹੇ ਸਨ। ਆਪਣੇ ਘਰ ਗਊ ਦੇ ਗੋਹੇ ਦਾ ਪੋਚਾ ਫੇਰ ਕੇ ਹੀ ਆਪਣੇ ਆਪ ਨੂੰ ਪਵਿੱਤਰ ਸਮਝਦੇ ਸਨ ਕਿ ਸ਼ਾਇਦ ਇਸ ਤਰ੍ਹਾਂ ਹੀ ਭਵਜਲ ਤੋਂ ਪਾਰ ਹੋ ਜਾਣ! ਪਰ ਹਿੰਦੂ ਤੇ ਖ਼ਾਸ ਕਰ ਬ੍ਰਾਹਮਣ ਗਾਂਈ ਉੱਤੇ ਲੱਗੇ ਟੈਕਸ (ਕਰ) ਜਾਂ ਜਜ਼ੀਏ ਦੇ ਵਿਰੁੱਧ ਆਵਾਜ਼ ਉਠਾ ਕੇ ਜਾਂ ਲੜਾਈ ਲੜ ਕੇ ਆਪਣੀਆਂ ਜਾਨਾਂ ਕੁਰਬਾਨ ਕਰਨ ਨੂੰ ਕਿਸੇ ਤਰ੍ਹਾਂ ਵੀ ਤਿਆਰ ਨਹੀਂ ਸਨ। ਗੁਰੂ ਨਾਨਕ ਦੇਵ ਜੀ ਇਹਨਾਂ ਨੂੰ ਉਭਾਰਨਾ ਚਾਹੁੰਦੇ ਸਨ ਤਾਂ ਕਿ ਉਹਨਾਂ ਦੀ ਅਣਖ ਜਾਗੇ ਤੇ ਉਹ ਮੁਲਕ ਦੀ ਆਜ਼ਾਦੀ ਲਈ ਕੋਈ ਹੰਭਲਾ ਮਾਰਨ। ਉਨ੍ਹਾਂ ਵੇਖਿਆ ਕਿ ਹਿੰਦੂ ਲੋਕ ਤੇ ਖ਼ਾਸ ਕਰ ਬ੍ਰਾਹਮਣ ਜੋ ਉਹਨਾਂ ਦੇ ਆਗੂ ਹਨ ਤੇ ਜਿਨ੍ਹਾਂ ਨੇ ਉਹਨਾਂ ਵਿਚ ਧਰਮ, ਅਣਖ, ਗ਼ੈਰਤ, ਸਵੈਮਾਨ ਤੇ ਦੇਸ਼-ਪਿਆਰ ਦਾ ਜਜ਼ਬਾ ਜਗਾਣਾ ਹੈ ਉਹ ਤਾਂ ਖ਼ੁਦ ਹੀ ਪਾਖੰਡੀ ਹਨ।

ਉਨ੍ਹਾਂ ਵੇਖਿਆ ਕਿ ਬਾਬਰ ਦੇ ਰਾਜ ਸਮੇਂ ਵੀ ਲੱਖਾਂ ਹਿੰਦੂ ਡਰਦੇ ਮੁਸਲਮਾਨ ਹੋਣੇ ਸ਼ੁਰੂ ਹੋ ਗਏ ਸਨ ਤੇ ਉਹਨਾਂ ਦਾ ਧਾਰਮਕ ਰਹਿਣ-ਸਹਿਣ ਆਪਣੇ ਪਿਓ-ਦਾਦੇ ਦੇ ਧਰਮ, ਸਭਿਅਤਾ ਤੇ ਰਹੁ-ਰੀਤੀ ਨੂੰ ਤਿਲਾਂਜਲੀ ਦੇ ਰਿਹਾ ਸੀ। ਹਿੰਦੂਆਂ ਦੇ ਵੇਦਾਂ ਤੇ ਸ਼ਾਸਤਰਾਂ ਵਿਚ ਰੱਬ ਦੇ ਅਨੇਕਾਂ ਨਾਂ ਹਨ। ਸਿੱਖ ਧਰਮ ਵਿਚ ਰੱਬ ਲਈ ਵਿਸ਼ੇਸ਼ ਨਾਂ ਵਾਹਿਗੁਰੂ ਜਾਂ ਅਕਾਲ ਪੁਰਖ ਹਨ। ਮੁਸਲਮਾਨਾਂ ਦੇ ਕੁਰਾਨ ਮਜੀਦ ਵਿਚ ਰੱਬ ਦੇ ਨੜਿਨਵੇਂ ਨਾਂ ਨੇ ਪਰ ਅੱਲਾ ਉਹਨਾਂ ਦਾ ਸਭ ਤੋਂ ਜ਼ਿਆਦਾ ਪ੍ਰਚਲਤ ਨਾਂ ਹੈ। ਹਿੰਦੂ ਘਰਾਂ ਤੋਂ ਬਾਹਰ, ਵਪਾਰ, ਬਾਜ਼ਾਰ ਤੇ ਦਰਬਾਰ ਵਿਚ ਹਿੰਦੂ ਸ਼ਾਸ਼ਤਰਾਂ ਦੇ ਨਾਂ ਛੱਡ ਕੇ "ਅੱਲਾ-ਅੱਲਾ" ਹੀ ਕਰਦੇ ਸਨ। ਪੰਜਾਬ ਦੇ 'ਟਰਾਈਬਜ਼ ਐਂਡ ਕਾਸਟਸ' ਦਾ ਵਿਸ਼ਾਲ ਮੁਤਾਲਿਆ ਕਰਕੇ ਪਤਾ ਲੱਗਦਾ ਹੈ ਕਿ ਮੰਡੀ, ਕਾਂਗੜੇ ਤੇ ਜੰਮੂ ਆਦਿ ਦੇ ਪਹਾੜੀ ਰਾਜਪੂਤ ਭਾਰਤ ਵਿਚ ਸਭ ਤੋਂ ਪ੍ਰਾਚੀਨ ਰਾਜਪੂਤ ਘਰਾਣਿਆਂ ਦੇ ਜੰਮੇ ਹੋਏ ਹਨ ਤੇ ਅੱਜ ਵੀ ਇਹਨਾਂ ਦੀਆਂ ਪੀਹੜੀਆਂ ਜਾਂ ਬੰਸਾਵਲੀਆਂ ਇਹਨਾਂ ਦੇ ਸੰਬੰਧ ਹਜ਼ਾਰਾਂ ਸਾਲ ਪ੍ਰਾਚੀਨ ਖ਼ਾਨਦਾਨਾਂ ਨਾਲ ਮਿਲਾਂਦੀਆਂ ਹਨ ਪਰ ਇਹੇ ਜਿਹੇ ਮਗ਼ਰੂਰ ਤੇ ਰਾਜਪੂਤੀ ਸ਼ਾਨ ਦੇ ਅਭਿਮਾਨੀ ਮੁਸਲਮਾਨ ਬਾਦਸ਼ਾਹ ਦੀਆਂ ਈਨਾਂ ਮੰਨ ਕੇ ਆਪਣੇ ਆਪ ਨੂੰ 'ਮੀਆਂ' ਅਖਵਾ ਕੇ ਫ਼ਖ਼ਰ ਮਹਿਸੂਸ ਕਰਦੇ ਸਨ ਹਾਲਾਂਕਿ ਇਹ ਬਦੇਸ਼ੀ ਜਰਵਾਣਿਆਂ ਤੇ ਹੁਕਮਰਾਨਾਂ ਦਾ ਦਿੱਤਾ ਹੋਇਆ ਖ਼ਿਤਾਬ ਮੀਆਂ ਮੱਥੇ 'ਤੇ ਗ਼ੁਲਾਮੀ ਦਾ ਕਲੰਕ ਸੀ।

ਗੁਰੂ ਸਾਹਿਬ ਨੇ ਨਿਡਰ ਤੇ ਸੱਚੇ ਸੰਤ-ਸਿਪਾਹੀ ਦੀ ਹੈਸੀਅਤ ਵਿਚ ਸਮਾਜ ਦੇ ਹਰ ਪੱਖ ਦੀਆਂ ਕੁਰੀਤੀਆਂ, ਕੁਕਰਮਾਂ, ਭਰਮਾਂ, ਵਹਿਮਾਂ ਤੇ ਵਿਕਾਰਾਂ ਦੀ ਵਿਰੋਧਤਾ ਕੀਤੀ ਤੇ ਹਰ ਪ੍ਰਕਾਰ ਦੇ ਕਿੱਤੇ ਦੇ ਮਨੁੱਖਾਂ ਨੂੰ ਸਿੱਖਿਆ ਦਿੱਤੀ।

ਗੁਰੂ ਨਾਨਕ ਦੇਵ ਜੀ ਬਾਹਰੋਂ ਸੰਤ ਰੂਪ ਵਿਚ ਹੋਣ ਦੇ ਬਾਵਜੂਦ ਮਾਨਸਿਕ ਤੌਰ 'ਤੇ ਬੇਮਿਸਾਲ ਬਹਾਦਰ ਸਿਪਾਹੀ ਸਨ ਤੇ ਹਮੇਸ਼ਾ ਦੇਸ਼ ਪਿਆਰ, ਮਨੁੱਖੀ ਏਕਤਾ ਲਈ ਫੋਕੇ ਕਰਮਕਾਂਡਾਂ, ਜਾਤ-ਪਾਤ ਤੇ ਛੂਤ-ਛਾਤ ਦੇ ਵਿਰੁੱਧ ਸਾਰੀ ਉਮਰ ਲੜਦੇ ਰਹੇ।

ਆਪ ਜੀ ਨੂੰ ਹੋਰ ਕੈਦੀਆਂ ਵਾਂਗੂੰ ਜੇਲ੍ਹ ਵਿਚ ਕੈਦ ਕਰਕੇ ਬਾਬਰ ਨੇ ਉਨ੍ਹਾਂ ਤੋਂ ਚੱਕੀ ਪਿਹਾਈ। ਬਾਬਰ ਉਨ੍ਹਾਂ ਨੂੰ ਜਾਨੋਂ ਵੀ ਮਾਰ ਸਕਦਾ ਸੀ ਪਰ ਨਿਡਰ ਸੰਤ ਸਿਪਾਹੀ, ਨਾਨਕ ਨੇ ਬੇਰਹਿਮ ਜਰਵਾਣੇ ਦੇ ਮੂੰਹ 'ਤੇ ਉਸ ਨੂੰ ਖਰੀਆਂ-ਖਰੀਆਂ ਸੁਣਾਈਆਂ। ਵਲੀ ਕੰਧਾਰੀ ਨੇ ਤਾਂ ਉਨ੍ਹਾਂ ਨੂੰ ਮਾਰਨ ਲਈ ਵੱਡਾ ਸਾਰਾ ਪੱਥਰ ਹੀ ਸੁੱਟ ਦਿੱਤਾ ਸੀ। ਅੱਜ ਉਸ ਥਾਂ 'ਤੇ ਪੰਜਾ ਸਾਹਿਬ ਦਾ ਗੁਰਦੁਆਰਾ ਹੈ। ਉਹ ਆਪਣੇ ਉੱਚੇ ਆਚਾਰ ਦੇ ਹਥਿਆਰ ਦੇ ਬਲ-ਬੋਤੇ ਸੱਜਣ ਠੱਗ ਕੋਲ ਗਏ। ਚੋਰ ਭੂਮੀਏ ਨਾਲ ਵਾਸਤਾ ਪਾਇਆ। ਕੌਡੇ ਰਾਕਸ਼ ਨਾਲ ਜਾ ਟੱਕਰ ਲਈ। ਮੱਕੇ ਦੇ ਮੋਮਨਾਂ ਨੂੰ ਰੱਬ ਦਾ ਹਰਜਾਈ ਹੋਣਾ ਦੱਸਿਆ। ਸੇਠ ਦੁਨੀ ਚੰਦ ਤੇ ਮਲਕ ਭਾਗੋ ਜਿਹੇ ਮਗ਼ਰੂਰ ਬੰਦਿਆਂ ਨੂੰ ਸੁਧਾਰਿਆ ਤੇ ਹਰਦਵਾਰ ਦੇ ਪਾਂਡਿਆਂ, ਜਗਨਨਾਥ ਪੁਰੀ ਦੇ ਪੰਡਤਾਂ, ਨਾਨਕ ਮਤੇ ਤੇ ਅੱਚਲ ਵਟਾਲੇ ਦੇ ਜੋਗੀਆਂ ਜੰਗਮਾਂ, ਸਭ ਨੂੰ ਦੇਸ਼ਾਂ ਪਰਦੇਸ਼ਾਂ ਵਿਚ ਜਾ ਕੇ ਆਪਣੇ, 'ਸੱਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੇ ਬੇਲਾ' ਦੇ ਅਸੂਲ ਨੂੰ ਹਰ ਖ਼ਤਰਾ ਸਹੇੜ ਕੇ ਵੀ ਕਾਇਮ ਰੱਖਿਆ। ਸਿਪਾਹੀ ਦੇ ਤੌਰ 'ਤੇ ਆਪਣੇ ਅਸੂਲ ਉੱਤੇ ਦਲੇਰੀ ਨਾਲ ਡਟੇ ਤੇ ਸੰਤ ਦੇ ਤੌਰ 'ਤੇ ਚੋਰਾਂ, ਠੱਗਾਂ, ਰਾਕਸ਼ਾਂ, ਭੁੱਲੜ ਤੇ ਜ਼ਾਲਮ ਹਾਕਮਾਂ, ਗ੍ਰਿਹਸਤੀਆਂ, ਵਪਾਰੀਆਂ ਤੇ ਕਿਸਾਨਾਂ, ਅਮੀਰਾਂ, ਗ਼ਰੀਬਾਂ ਸਭ ਨੂੰ ਸੱਚ ਦਾ ਚਾਨਣ ਬਖ਼ਸ਼ ਕੇ ਕੂੜ-ਕਪਟ ਦੇ ਹਨ੍ਹੇਰੇ ਵਿਚੋਂ ਕੱਢਿਆ ਕਿਉਂਕਿ ਸਮੁੱਚੀ ਮਨੁੱਖ-ਜਾਤੀ ਸਿੱਖ ਧਰਮ ਤੇ ਹੋਰ ਸਾਰੇ ਮਜ਼ਬਾਂ ਦੇ ਸਭ ਤੋਂ ਵੱਡੇ ਆਦੇਸ਼ ਨੂੰ ਉਨ੍ਹਾਂ 'ਜਪੁ' ਜੀ ਸਾਹਿਬ ਦੀ ਪਹਿਲੀ ਪਉੜੀ ਵਿਚ ਹੀ ਫ਼ੁਰਮਾਇਆ ਹੈ -

**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥**

**(ਪੰਨਾ ੧)**

ਆਉ ਅਸੀਂ ਅੱਜ ਪ੍ਰਣ ਕਰੀਏ ਕਿ ਬਿਨਾਂ ਕਿਸੇ ਵਿਤਕਰੇ ਦੇ ਹਰ ਮਨੁੱਖ ਦੀ ਵਿੱਤ ਅਨੁਸਾਰ ਸੇਵਾ ਕਰਨੀ ਹੈ, ਸੱਚ ਨਾਲ ਪ੍ਰੇਮ ਪਾਉਣਾ ਹੈ ਅਤੇ ਝੂਠ ਦੀ ਕੰਧ ਸੱਚ ਦੀ ਸਦੀਵੀ ਸ਼ਕਤੀ ਨਾਲ ਢਾਹੁਣੀ ਹੈ। ਅਸਾਂ ਮਲਕ ਭਾਗੋ ਜਿਹੇ ਵਿਹਲੜਾਂ ਦੀ ਬਜਾਏ ਭਾਈ ਲਾਲੋ ਜਿਹੇ ਕਿਰਤੀਆਂ ਨਾਲ ਦੋਸਤੀ ਪਾਣੀ ਹੈ। ਸਾਡੀ ਇਹੀ ਸੰਤ-ਸਿਪਾਹੀ ਗੁਰੂ ਨਾਨਕ ਸਾਹਿਬ ਜੀ ਨੂੰ ਸੱਚੀ ਸੁੱਚੀ ਸ਼ਰਧਾਂਜ਼ਲੀ ਹੋਵੇਗੀ।

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

## 15 ਨਵੰਬਰ ਅਵਤਾਰ ਪੁਰਬ 'ਤੇ ਵਿਸ਼ੇਸ਼

# ਸਮਾਜ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ



ਜਦ ਸੱਚ ਦਾ ਸੂਰਜ ਚੜ੍ਹਦਾ ਹੈ ਤਾਂ ਝੂਠ ਦੀ ਪਰਤ ਉੱਤਰ ਜਾਂਦੀ ਹੈ। ਜਿੰਨੇ ਮਰਜ਼ੀ ਬੱਦਲ ਗੱਜਣ ਅਸਮਾਨ ਤੇ ਹਨ੍ਹੇਰਾ ਹੋ ਜਾਵੇ ਇਕ ਰੋਸ਼ਨੀ ਦੀ ਕਿਰਨ ਸੂਰਜ ਦੀ ਜਦੋਂ ਪੈ ਜਾਂਦੀ ਹੈ ਤਾਂ ਸਭ ਨੂਰ ਹੀ ਨੂਰ ਹੋ ਜਾਂਦਾ ਹੈ, ਲੋਕ ਸੁੱਖੀ ਹੋ ਜਾਂਦੇ ਹਨ। ਐਸੀ ਪਵਿੱਤਰ ਆਤਮਾ ਨੇ 15 ਅਪ੍ਰੈਲ 1469 ਈ. ਨੂੰ ਤਲਵੰਡੀ ਸ਼ੇਖੂਪੁਰਾ ਨਨਕਾਣਾ ਸਾਹਿਬ, ਪੰਜਾਬ ਜੋ ਮੌਜੂਦਾ ਪਾਕਿਸਤਾਨ ਵਿੱਚ ਹੈ, ਵਿਖੇ ਜਨਮ ਲਿਆ। ਮਾਂ-ਬਾਪ ਨੇ ਨਾਮ ਨਾਨਕ ਰੱਖ ਦਿੱਤਾ। ਪਿਤਾ ਮਹਿਤਾ ਕਾਲੂ ਪਟਵਾਰੀ ਸਨ ਤੇ ਕਿੱਤਾ ਖੇਤੀਬਾੜੀ ਕਰਦੇ ਸਨ। ਆਪ ਜੀ ਬਚਪਨ ਵਿੱਚ ਹੀ ਪ੍ਰਭੂ ਭਗਤੀ ਵਿਚ ਲੀਨ ਸਨ ਲੋਕਾਈ ਨੂੰ ਉਪਦੇਸ਼ ਦੇਣ ਆਏ ਸਨ 'ਨਾ ਕੋਈ ਹਿੰਦੂ ਨਾ ਮੁਸਲਮਾਨ' ਸਭ ਹਨ ਉਸ ਦੀ ਸੰਤਾਨ। ਪੰਡਿਤ ਗੋਪਾਲ ਦਾਸ ਪਾਸ ਪਾਠ ਪੜ੍ਹਨੇ ਪਾਇਆ ਆਪ ਉਸ ਨੂੰ ਹੀ ਪੜ੍ਹਾ ਆਏ। ਪੰਡਿਤ ਬ੍ਰਿਜ ਲਾਲ ਤੋਂ ਸੰਸਕ੍ਰਿਤ ਭਾਸ਼ਾ ਸਿਖੀ, ਮੌਲਵੀ ਕੁਤਬਦੀਨ ਪਾਸੋਂ ਫਾਰਸੀ ਦੀ ਸਿੱਖਿਆ ਲਈ। 20 ਰੁਪਏ ਦੇ ਪੈਸਿਆਂ ਨਾਲ ਪ੍ਰਭੂ ਭਗਤੀ ਵਿਚ ਲੀਨ ਸੰਤਾਂ ਨੂੰ ਭੋਜਨ ਛਕਾਇਆ ਤੇ ਸੱਚ ਦਾ ਵਪਾਰ ਕੀਤਾ।

ਗੁਰੂ ਨਾਨਕ ਸਾਹਿਬ ਦੇ ਸਮੇਂ ਖੇਤੀ ਨੂੰ ਘਟੀਆ ਧੰਦਾ ਮੰਨਿਆ ਜਾਂਦਾ ਸੀ। ਖੇਤੀ ਕਰਨ ਵਾਲੇ ਜਗੀਰਦਾਰਾਂ ਦੇ ਗ਼ੁਲਾਮ ਸਮਝੇ ਜਾਂਦੇ ਸਨ। ਗੁਰੂ ਸਾਹਿਬ ਨੇ ਕੇਵਲ ਆਪ ਖੇਤੀ ਕੀਤੀ, ਸਗੋਂ ਖੇਤੀ ਨੂੰ ਸਭ ਤੋਂ ਉੱਤਮ ਧੰਦਾ ਆਖਿਆ। ਅਜਿਹਾ ਕਰ ਕੇ ਉਨ੍ਹਾਂ ਨੇ ਖੇਤੀ ਇਨਕਲਾਬ ਦੀ ਨੀਂਹ ਰੱਖੀ ਤਾਂ ਜੋ ਸੰਸਾਰ ਵਿਚੋਂ ਭੁੱਖਮਰੀ ਨੂੰ ਦੂਰ ਕੀਤਾ ਜਾ ਸਕੇ। ਆਖਿਆ ਜਾਂਦਾ ਹੈ ਕਿ ਜਦੋਂ ਗੁਰੂ ਸਾਹਿਬ ਲੱਦਾਖ ਗਏ ਤਾਂ ਉਥੇ ਭੁੱਖਮਰੀ ਪਈ ਹੋਈ ਸੀ। ਗੁਰੂ ਜੀ ਨੇ ਉਥੋਂ ਦੇ ਲੋਕਾਂ ਨੂੰ ਚੌਲਾ ਦੀ ਖੇਤੀ ਕਰਨ ਦੀ ਨਾ ਕੇਵਲ ਜਾਂਚ ਸਿਖਾਈ ਸਗੋਂ ਖੇਤੀ ਕਰਨ ਲਈ ਉਤਸ਼ਾਹਿਤ ਭੀ ਕੀਤਾ। ਖੇਤੀ ਅਜਿਹਾ ਧੰਦਾ ਹੈ, ਜਿਸ ਦਾ ਕਰਤਾ ਆਪਣੇ ਆਪ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ੇ 'ਨਾਮ ਜਪਣ, ਕਿਰਤ ਕਰਨੀ ਤੇ ਵੰਡ ਛਕਣ' ਵਾਲੇ ਅਸੂਲਾਂ ਦਾ ਧਾਰਨੀ ਹੋ ਜਾਂਦਾ ਹੈ। ਕਿਸਾਨ ਹੱਡ ਤੋੜਵੀਂ ਤੇ ਸੁੱਚੀ ਕਿਰਤ ਕਰਦਾ ਹੈ। ਉਸ ਦੀ ਕਿਰਤ ਵਿਚ ਕਿਤੇ ਵੀ ਕੂੜ ਨਹੀਂ ਹੈ। ਕਿਸਾਨ ਆਪਣਾ ਹੀ ਨਹੀਂ ਸਗੋਂ ਸਾਰੀ ਲੋਕਾਈ ਦਾ ਢਿੱਡ ਭਰਦਾ ਹੈ। ਉਸ ਦੇ ਦਰੋਂ ਕਦੇ ਕੋਈ ਖਾਲੀ ਨਹੀਂ ਗਿਆ। ਇਹ ਕਿਸਾਨ ਹੀ ਹੈ ਜਿਹੜਾ ਆਪਣੇ ਖੇਤਾਂ 'ਚ ਕੰਮ ਕਰਦਾ ਹੈ ਤੇ ਨਾਲ ਹੀ ਪ੍ਰਭੂ ਦਾ ਨਾਮ ਵੀ ਜਪਦਾ ਹੈ। ਗੁਰੂ ਜੀ ਨੇ ਲੋਕਾਈ ਨੂੰ ਖੇਤੀ ਕਰਨ ਵਲ ਪ੍ਰੇਰਿਆ ਤਾਂ ਜੋ ਸੰਸਾਰ 'ਚੋਂ ਭੁੱਖ-ਦੁੱਖ ਦੂਰ ਹੋ ਸਕੇ। ਕਿਰਤ ਕਰਨ ਤੇ ਵੰਡ ਛਕਣ ਦੀ ਸਿੱਖੀ ਵਿਚ ਵਿਸ਼ੇਸ਼ ਮਹੱਤਤਾ ਹੈ। ਗੁਰੂ ਸਾਹਿਬ ਨੇ ਕਿਰਤੀ ਨੂੰ ਸਤਿਕਾਰ ਦੇ ਕੇ ਉਸ ਨੂੰ ਮਹਾਨਤਾ ਬਖ਼ਸ਼ੀ, ਸਿੱਖਾਂ ਨੂੰ ਬਰਾਬਰ ਦਾ ਸਬਕ ਸਿਖਾਇਆ ਤੇ ਜਦੋਂ ਬਰਾਬਰੀ ਦੀ ਭਾਵਨਾ ਜਾਗ ਪਵੇ ਤਾਂ ਤੁਹਾਨੂੰ ਕਿਸੇ ਦੇ ਤਰਸ ਦਾ ਪਾਤਰ ਨਹੀਂ ਬਣਨ ਦਿੰਦੀ। ਇਹ ਭਾਵਨਾ ਸਾਨੂੰ ਮਾਨਸਿਕ ਤੌਰ 'ਤੇ ਜ਼ਿੰਮੇਵਾਰ ਤੇ ਉੱਦਮੀ ਬਣਾਉਂਦੀ ਹੈ। ਸਿੱਖ


**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535




ਧਰਮ ਨੇ ਲੋਕਾਂ ਅੰਦਰ ਬਹਾਦਰੀ, ਉੱਦਮ ਤੇ ਸ਼ਕਤੀ ਭਰੀ। ਲੋਕਾਂ ਦੇ ਚਿੰਤਨ ਨੂੰ ਹਾਂ-ਮੁਖੀ ਤੇ ਜੀਵਨ ਪੱਖੀ ਬਣਾਉਣ ਵਿਚ ਸਿੱਖੀ ਦਾ ਵੱਡਾ ਯੋਗਦਾਨ ਹੈ।

ਗੁਰੂ ਜੀ ਨੇ ਆਸਾ ਦੀ ਵਾਰ ਵਿਚ ਇਸਤਰੀ ਪੁਰਸ਼ ਦੀ ਬਰਾਬਰੀ ਦੀ ਗੱਲ ਕੀਤੀ, ਜਿਨ੍ਹਾਂ ਨਾਲ ਸਮਾਜ ਦੀ ਹੋਂਦ ਹੈ, ਔਰਤ ਜਗ ਜਣਨੀ ਹੈ, ਉਹ ਸਤਿਕਾਰਯੋਗ ਹੈ। ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਸਤੀ ਪ੍ਰਥਾ ਤੇ ਪਰਦੇ ਦੀ ਰਸਮ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ 'ਚ ਆਵਾਜ਼ ਬੁਲੰਦ ਕੀਤੀ, ਜਿਸ ਨਾਲ ਸਮਾਜ ਵਿਚ ਔਰਤ ਨੂੰ ਰੁਤਬਾ ਤੇ ਮਾਣ-ਸਨਮਾਨ ਵਧਿਆ। ਗੁਰੂ ਨਾਨਕ ਦੇਵ ਦੀ ਨੇ ਸਮਾਜ ਸੁਧਾਰ ਲਈ ਫ਼ਾਲਤੂ ਰਸਮਾਂ-ਰਿਵਾਜ਼ਾਂ ਦਾ ਵਿਰੋਧ ਕੀਤਾ, ਜਿਵੇਂ ਜਨੇਊ ਪਾਉਣਾ, ਸੂਤਕ-ਪਾਤਕ ਤੇ ਸ਼ਰਾਧ ਕਰਨੇ ਆਦਿ। ਇਸੇ ਤਰ੍ਹਾਂ ਸ਼ਰਾਧ ਕਰਨ ਤੇ ਸੁੱਚ-ਭਿੱਟ ਦੇ ਵਹਿਮਾਂ ਬਾਰੇ ਵੀ ਉਨ੍ਹਾਂ ਨੇ ਲੋਕਾਈ ਦਾ ਮਾਰਗ ਦਰਸ਼ਨ ਕੀਤਾ ਕਿ ਜੇ ਠੱਗੀਆਂ, ਚੋਰੀਆਂ ਕਰ ਕੇ ਪਿੱਤਰਾਂ ਦੇ ਸ਼ਰਾਧ ਕਰਨੇ ਹਨ ਤਾਂ ਕੀ ਲਾਭ?

ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਲੋਕਾਂ 'ਤੇ ਵੀ ਵਿਅੰਗ ਕੀਤਾ, ਜੋ ਦੂਸਰਿਆਂ ਦੀ ਲੁੱਟ-ਖਸੁੱਟ ਕਰ ਕੇ ਐਸ਼ ਕਰਦੇ ਹਨ। ਉਨ੍ਹਾਂ ਦੀਆਂ ਨਜ਼ਰਾਂ ਵਿਚ ਕਿਰਤ ਦੀ ਕੋਈ ਮਹੱਤਤਾ ਨਹੀਂ। ਗੁਰੂ ਸਾਹਿਬ ਦਾ ਸਮਾਜਵਾਦ ਅਜਿਹਾ ਸੀ, ਜਿਸ ਵਿਚ ਸਾਰਿਆਂ ਨੂੰ ਬਰਾਬਰੀ ਦਾ ਅਧਿਕਾਰ ਹੋਵੇ ਤੇ ਹੱਥੀਂ ਕਿਰਤ ਕਰ ਕੇ ਵੰਡ ਛਕਣ। ਉਨ੍ਹਾਂ ਨੇ ਆਪ ਬਚਪਨ ਵਿਚ ਮੱਝਾਂ ਚਾਰੀਆਂ, ਮੋਦੀਖ਼ਾਨੇ ਦੀ ਨੌਕਰੀ ਕੀਤੀ ਤੇ ਆਖ਼ਰੀ ਉਮਰੇ ਕਰਤਾਰਪੁਰ ਵਿਖੇ ਖੇਤੀਬਾੜੀ ਕੀਤੀ। ਉਹ ਗ਼ਰੀਬਾਂ ਦੇ ਹਮਦਰਦ ਸਨ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਲਕ ਭਾਗੋ ਦਾ ਭੋਜਨ ਛੱਡ ਕੇ ਭਾਈ ਲਾਲੋ ਦੀ ਕਿਰਤ ਕਮਾਈ ਦੀ ਰੋਟੀ ਖਾਧੀ। ਉਨ੍ਹਾਂ ਦੱਸਿਆ ਕਿ ਦਸਾਂ ਨਹੁੰਆਂ ਦੀ ਕਿਰਤ ਮਨੁੱਖ ਨੂੰ ਸਬਰ ਸੰਤੋਖ ਵਾਲਾ ਬਣਾ ਦਿੰਦੀ ਹੈ।

ਭਾਈ ਮਰਦਾਨਾ ਜੀ ਗੁਰੂ ਸਾਹਿਬ ਦੀਆਂ ਚਾਰ ਉਦਾਸੀਆਂ ਸਮੇਂ ਉਨ੍ਹਾਂ ਦੇ ਨਾਲ ਰਹੇ। ਉਨ੍ਹਾਂ ਨੇ ਕਿਰਤੀ ਮਿਸਤਰੀ ਭਾਈ ਲਾਲੋ ਤੇ ਝੰਡਾ, ਹਸੋ ਲੁਹਾਰ ਤੇ ਸ਼ਿਹਾਨ ਦਰਜੀ ਨੂੰ ਮਾਨਤਾ ਦਿੱਤੀ। ਗੁਰੂ ਨਾਨਕ ਦੇਵ ਜੀ ਨੇ ਪੰਜਾਬ ਦੀ ਧਰਤੀ ਨੂੰ ਭਾਗ ਲਾਏ ਤੇ ਆਪਣੇ ਸਮੇਂ ਦੌਰਾਨ ਲੋਧੀ ਰਾਜ, ਮੁਗ਼ਲਾਂ ਤੇ ਸ਼ੇਰ ਸ਼ਾਹ ਸੂਰੀ ਦੀ ਆਮਦ ਵੇਖੀ ਤੇ ਇਸ ਸਮੇਂ ਦੌਰਾਨ ਜੋ ਜ਼ੁਲਮ ਕਮਜ਼ੋਰ ਜਨਤਾ 'ਤੇ ਹੋਏ, ਉਹ ਸਹਿਣ ਨਾ ਕਰ ਸਕੇ ਤੇ ਰਾਜਿਆਂ ਨੂੰ ਬੁੱਚੜ ਤੇ ਕਸਾਈ ਤਕ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਬਰ ਨੇ ਜਦੋਂ ਐਮਨਾਬਾਦ ਵਿਖੇ ਲੁੱਟ ਮਚਾਈ, ਔਰਤਾਂ ਤੇ ਬੱਚਿਆਂ 'ਤੇ ਜ਼ੁਲਮ ਕੀਤਾ ਤਾਂ ਬਾਬਾ ਜੀ ਨੇ ਵਿਰੋਧ ਕੀਤਾ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਗਿਆ। ਉਨ੍ਹਾਂ ਨੇ ਬਾਬਰ ਨੂੰ ਨਸੀਹਤ ਦਿੱਤੀ ਕਿ ਜੇ ਪੱਕੇ ਪੈਰੀਂ ਰਾਜ ਕਰਨਾ ਹੈ ਤਾਂ ਲੋਕਾਂ ਦੇ ਦਿਲ ਜਿੱਤੋ।

ਗੁਰੂ ਜੀ ਨੇ ਸੱਜਣ ਠੱਗ, ਮਲਕ ਭਾਗੋ, ਚਤੁਰ ਦਾਸ, ਬਨਾਰਸ ਦੇ ਬ੍ਰਾਹਮਣਾਂ, ਕੌਡੇ ਰਾਕਸ਼ਸ਼, ਨੂਰ ਸ਼ਾਹ, ਕਾਮਰੂਪ ਦੀ ਰਾਣੀ, ਬਗ਼ਦਾਦ ਦੇ ਪੀਰ ਦਸਤਗੀਰ ਤੇ ਮੱਕੇ ਦੇ ਕਾਜ਼ੀ ਆਦਿ ਨੂੰ ਰਾਹੇ ਪਾਇਆ।

ਉਨ੍ਹਾਂ ਨੇ ਆਪਣੇ ਸੇਵਕ ਭਾਈ ਲਾਲੋ ਜੀ ਨੂੰ ਪਹਿਲੀ ਮੰਜੀ ਬਖ਼ਸ਼ੀ ਤਾਂ ਕਿ ਉੱਤਰੀ ਭਾਰਤ ਵਿਚ ਸਿੱਖੀ ਅਤੇ ਭਰਾਤਰੀ ਭਾਵ ਦਾ ਪ੍ਰਚਾਰ ਹੋ ਸਕੇ।

ਗੁਰੂ ਸਾਹਿਬ ਦੀ ਵਡਿਆਈ ਦੀ ਹੋਰ ਵੱਡੀ ਮਿਸਾਲ ਕੀ ਹੋ ਸਕਦੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਅੰਨਿਨ ਸੇਵਕ ਭਾਈ ਲਹਿਣੇ ਨੂੰ ਅੰਗੀਕਾਰ ਕੀਤਾ ਤੇ 'ਅੰਗਦ' ਨਾਮ ਦਿੱਤਾ ਤੇ ਉਨ੍ਹਾਂ ਨੂੰ ਗੁਰਗੱਦੀ ਦਾ ਵਾਰਿਸ ਥਾਪਿਆ।

ਗੁਰੂ ਜੀ ਨੇ ਦੇਸ਼-ਦੁਨੀਆ ਦੇ ਕੋਨੇ-ਕੋਨੇ 'ਚ ਜਾ ਕੇ ਲਗਪਗ 38 ਹਜ਼ਾਰ ਮੀਲ ਦੀ ਪੈਦਲ ਯਾਤਰਾ ਕੀਤੀ ਤੇ ਭੁੱਲੇ ਭਟਕੇ ਲੋਕਾਂ ਦਾ ਮਾਰਗ ਦਰਸ਼ਨ ਕੀਤਾ।

ਉਦਾਸੀਆਂ ਤੋਂ ਬਾਅਦ ਗੁਰੂ ਸਾਹਿਬ ਨੇ ਕਰਤਾਰਪੁਰ ਸਾਹਿਬ ਵਿਖੇ ਟਿਕਾਣਾ ਕੀਤਾ ਤੇ ਖੇਤੀਬਾੜੀ ਕੀਤੀ। ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਬਾਣੀਆਂ ਜਪੁਜੀ, ਆਸਾ ਦੀ ਵਾਰ, ਓਂਕਾਰ, ਸਿਧ ਗੋਸਟਿ, ਬਾਰਹਮਾਹ, ਅਲਾਹੁਣੀਆਂ ਤੇ ਘੋੜੀਆਂ ਦੀ ਰਚਨਾ ਮਾਤ ਭਾਸ਼ਾ ਪੰਜਾਬੀ 'ਚ ਕੀਤੀ, ਜੋ ਬਾਅਦ ਵਿਚ ਗੁਰਮੁਖੀ ਕਹਾਈ। ਉਨ੍ਹਾਂ ਦਾ ਮਕਸਦ ਸੀ ਆਪਣੇ ਸਿਧਾਂਤ, ਵਿਚਾਰ, ਉਪਦੇਸ਼ ਲੋਕਾਈ ਤਕ ਆਸਾਨ ਰੂਪ 'ਚ ਪਹੁੰਚਦੇ ਕੀਤੇ ਜਾਣ। ਗੁਰੂ ਸਾਹਿਬ ਨੇ ਉਸ ਵਰਗ ਨੂੰ ਪੰਜਾਬੀ ਭਾਸ਼ਾ ਪੜ੍ਹਨ ਦੀ ਖੁੱਲ੍ਹ ਦਿੱਤੀ ਤੇ ਆਮ ਲੋਕਾਂ ਨੂੰ ਸਿੱਖਿਆ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ। ਆਉ ਗੁਰੂ ਸਾਹਿਬ ਜੀ ਦੇ ਅਵਤਾਰ ਪੁਰਬ 'ਤੇ ਉਨ੍ਹਾਂ ਦੀਆਂ ਸਿੱਖਿਆ 'ਤੇ ਚੱਲਣ ਦਾ ਯਤਨ ਕਰੀਏ ਤਾਂ ਜੋ ਜੀਵਨ ਸਫਲਾ ਹੋ ਸਕੇ।

● ● ●

**ਜਦੋਂ ਕਿਸੇ ਰਿਸ਼ਤੇ ਵਿਚ ਜਿੱਦ ਤੇ ਆਕੜ ਆ ਜਾਵੇ ਤਾਂ ਇਹ ਦੋਵੇਂ ਜਿੱਤ ਜਾਂਦੇ ਨੇ ਪਰ ਉਹ ਰਿਸ਼ਤਾ ਹਾਰ ਜਾਂਦਾ ਹੈ।**

# ਗੁਰਮਤਿ ਵਿਚ ਸਹਿਜ

**ਸਹਜ ਕੀ ਹੈ :** ਆਮ ਭਾਸ਼ਾ ਵਿੱਚ ਸਹਜ ਜਾਂ ਸਹਿਜ ਦਾ ਅਰਥ ਆਸਾਨੀ ਨਾਲ ਜਾਂ ਸੁਭਾਵਕੀ ਤੌਰ ਤੇ ਲਿਆ ਜਾਂਦਾ ਹੈ। ਪੁਰਾਤਨ ਸਾਹਿਤ ਵਿਚ ਇਸ ਸ਼ਬਦ ਦਾ ਪ੍ਰਯੋਗ ਆਮ ਹੋਇਆ ਹੈ।

ਗੁਰਮਤਿ ਦਾ ਸਾਰ ਹੈ, ਪਰਮਾਤਮਾ ਦੇ ਜਾਗਤ ਦੇਵ ਹੋਣ ਤੇ ਪੂਰਨ ਭਰੋਸਾ ਰਖਦੇ ਹੋਏ ਦਿਨ ਰਾਤ ਸਿਮਰਨ ਦੁਆਰਾ ਉਸ ਦੀ ਭਗਤੀ ਵਿਚ ਜੁੜੇ ਰਹਿਣਾ ਅਤੇ ਉਸ ਤੋਂ ਬਿਨਾਂ ਹੋਰ ਹਰ ਪ੍ਰਕਾਰ ਦੇ ਕਰਮ ਧਰਮ ਨਿਰਾਰਥ ਜਾਨਣਾ। ਗੁਰਮਤਿ ਅੰਦਰ ਨਿਰੋਲ ਅਤੇ ਇਕੋ-ਇਕ ਈਸ਼ਵਰ ਨਾਲ ਡੂੰਘੀ ਪ੍ਰੇਮ-ਭਾਵਨਾ ਕਰਕੇ ਜੁੜਨਾ ਅਤੇ ਈਸ਼ਵਰੀ ਪਿਆਰ ਨੂੰ ਹੋਰ ਸਾਰੇ ਪਿਆਰਾਂ ਉੱਤੇ ਵਾਰ ਦੇਣਾ ਭਗਤੀ ਹੈ।

ਅਸਲ ਵਿੱਚ ਭਗਤੀ ਉਸ ਦੀ ਮਨਜ਼ੂਰ ਹੋਈ ਸਮਝੀ ਜਾਂਦੀ ਹੈ ਜਿਸ ਦੀ ਭਗਤੀ ਉੱਤੇ ਪ੍ਰਭੂ ਪਿਆਰਾ ਰੀਝ ਪਵੇ। ਪ੍ਰਭੂ ਪਿਆਰੇ ਨੂੰ ਰਿਝਾਣ ਦਾ ਸੌਖਾ ਸਾਧਨ ਹੈ ਉਸ ਦੀ ਰਜਾ ਵਿਚ ਰਹਿ ਕੇ ਉਸ ਦੇ ਸੌਂਪੇ ਹਰ ਕਰਤੱਵ ਦਾ ਸਤਿਕਾਰ ਕਰਨਾ ਅਤੇ ਮਨ, ਵਚਨ ਤੇ ਕਰਮ ਕਰਕੇ ਉਸਨੂੰ ਸਵੀਕਾਰ ਕਰਨਾ। ਗੁਰੂ ਤੇਗ ਬਹਾਦਰ ਜੀ ਨੇ ਐਸੇ ਭਗਤ ਦੇ ਗੁਣਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਹੈ ਜਿਸ ਉੱਤੇ ਦੁਖ-ਸੁਖ, ਨਿੰਦਿਆ-ਉਸਤਤ, ਹਰਖ-ਸੋਗ, ਮਾਨ-ਅਪਮਾਨ, ਆਸਾ-ਮਨਸਾ, ਕਾਮ-ਕ੍ਰੋਧ, ਲੋਭ-ਮੋਹ ਆਦਿ ਦਾ ਅਸਰ ਨਹੀਂ। ਉਸ ਲਈ ਤਾਂ ਹਰ ਰੰਗ ਰੱਬ ਦੀ ਰਜ਼ਾ ਹੈ :-

**ਜੋ ਨੂਰ ਦੁਖ ਮੈ ਦੁਖੁ ਨਹੀ ਮਾਨੈ ਸੁਖ-ਸੁਨੇਹੁ ਅਰੁ ਬੈ ਨਹੀਂ ਜਾ ਕੈ।**
**ਕੰਚਨਮਾਟੀ ਮਾਨੈ ਨਹ ਨਿੰਦਿਆ ਨਹ ਉਸਤਤਿ ਜਾ ਕੈ**
**ਲੋਭੁ ਮੋਹੁ ਅਭਿਮਾਨਾ ਹਰਖ ਸੋਗ ਤੇ ਰਹੈ ਨਿਆਰਉ।**
**ਨਾਹਿ ਮਾਨ ਅਪਮਾਨਾ ਆਸਾ ਮਨਸਾ ਸਗਲ ਤਿਆਗੈ**
**ਜਗ ਤੇ ਰਹੈ ਨਿਰਾਸਾ ਕਾਮੁ ਕ੍ਰੋਧੁ ਜਿਹ ਪਰਸੈ ਨਾਹੀਨੇ**
**ਤਿ ਘਟਿ ਬ੍ਰਹਮੁ ਨਿਵਾਸਾ॥**

(**ਸ੍ਰੀ ਗੁਰੂ ਗ੍ਰੰ. ਸਾ. ਮਃ 1 ਪੰਨਾ** 633-34)

ਅਜਿਹੀ ਅਵਸਥਾ ਨੂੰ ਪ੍ਰਾਪਤ ਹੋਏ ਭਗਤ ਦਾ ਜੀਵਨ ਸੁਭਾਵਕ ਹੁੰਦਾ ਹੈ। ਇਹ ਇਕ ਪ੍ਰਕਾਰ ਦਾ ਕੁਦਰਤ ਅਨੁਕੂਲ ਜੀਵਨ ਹੈ। ਸਹਿਜ ਸੁਭਾ ਜੋ ਵਰਤਦਾ ਹੈ ਉਸੇ ਨੂੰ ਉਹ ਠੀਕ ਸਮਝਦਾ ਹੈ ਕਿਉਂਕਿ ਉਸ ਦਾ ਇਕ ਵਿਸ਼ਵਾਸ ਬਣ ਜਾਂਦਾ ਹੈ ਕਿ ਹਰ ਗੱਲ ਵਰਤਾਉਣ ਵਾਲਾ ਉਸ ਦਾ ਆਪਣਾ ਪ੍ਰਭੂ-ਪ੍ਰੀਤਮ ਹੈ ਜਿਸ ਨਾਲ ਉਸਨੂੰ ਅਤੁਟ ਪਿਆਰ ਹੈ ਇਸ ਲਈ ਉਹ ਹਰ ਗੱਲ ਅੰਦਰ ਪ੍ਰਭੂ-ਪ੍ਰੀਤਮ ਦੀ ਰਜ਼ਾ ਵਰਤਦੇ ਵੇਖਦਾ ਹੈ। ਉਸ ਦੇ ਵਿਚਾਰ ਦਾ ਆਧਾਰ ਹੁੰਦਾ ਹੈ, "**ਜੋ ਵਰਤੇ ਸਭ ਤੇਰੀ ਰਜਾਇ**" :




**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(**ਸੇਵਾ ਮੁਕਤ**)
**ਸੰਪਾਦਕ**
**98141-28181**


ਇਸ ਲਈ ਉਹ ਹਰ ਗੱਲ ਨੂੰ ਸੁਭਾਵਕ ਜਾਣਦਾ ਹੈ।

**ਸਹਜ ਸੁਭਾਇ ਹੋਵੈ ਸੋ ਹੋਇ॥**
**ਕਰਣੈ ਹਾਰ ਪਛਾਣੈ ਸੋਇ॥**

(ਮ.ਪ. ਪੰਨਾ 282)

ਭਗਤ ਦੀ ਐਸੀ ਹਾਲਤ ਨੂੰ ਗੁਰਮਤਿ ਅੰਦਰ ਸਹਿਜ ਕਿਹਾ ਹੈ :

**ਹਰਿ ਸੰਗਿ ਰਾਤਾ ਸਹਜ ਘਰਿ ਵਸੈ**

(**ਗਉੜੀ ਮ. ਪ**)

ਗੁਰੂ ਅਰਜਨ ਦੇਵ ਜੀ ਉਸ ਸਹਜ ਪਦ ਤੇ ਪਹੁੰਚੇ ਦੀ ਵਿਆਖਿਆ ਇਉਂ ਕਰਦੇ ਹਨ :-

(**ਗਉੜੀ ਮਃ ਪ**)
**ਗੁਰ ਕਾ ਸਬਦੁ ਰਿਦ ਅੰਤਰਿ ਧਾਰੈ।**
**ਪੰਚ ਜਨਾ ਸਿਉ ਸੰਗੁ ਨਿਵਾਰੈ॥**
**ਦਸ ਇੰਦ੍ਰੀ ਕਰਿ ਰਾਖੈ ਵਾਸਿ॥**
**ਤਾ ਕੈ ਆਤਮੈ ਹੋਇ ਪਰਗਾਸੁ॥**

ਉਸ ਦਾ ਜੀਵਨ ਤੋਂ ਮਰਨ ਤਕ ਸਭ ਕੁਝ ਸਹਜ ਹੋ ਵਿਚਰਦਾ ਹੈ :

**ਸਹਜੇ ਗਾਵਿਆ ਥਾਇ ਪਵੈ, ਬਿਨੁ ਸਹਜੈ ਕਥਨੀ ਬਾਦਿ॥**
**ਸਹਜੇ ਹੀ ਭਗਤਿ ਉਪਜੈ ਸਹਜਿ ਪਿਆਰਿ ਬੈਰਾਗਿ॥**
**ਬਿਨੁ ਸਹਜੈ ਜੀਵਣੁ ਬਾਦਿ॥**

(**ਸ੍ਰੀ ਰਾਗ ਮ.** 3 **ਪੰਨਾ :** 68)

ਕਰਮ, ਗਿਆਨ ਤੇ ਭਗਤੀ ਮਾਰਗਾਂ ਵਿਚੋਂ ਭਗਤੀ ਨੂੰ ਸਹਿਜ ਜਾਂ ਕੁਦਰਤੀ ਮਾਰਗ ਕਿਹਾ ਜਾ ਸਕਦਾ ਹੈ। ਜਿਥੇ ਕਰਮ ਸਰੀਰਕ ਸਾਧਨਾ ਦਾ ਅਤੇ ਗਿਆਨ ਦਿਮਾਗੀ ਸਾਧਨਾ ਦਾ ਮਾਰਗ ਹੈ ਉਥੇ ਭਗਤੀ ਦਾ ਧਰਾਤਲ ਪਿਆਰ ਹੈ ਅਥਵਾ ਭਗਤੀ ਪਿਆਰ ਦੀ ਨੀਂਹ ਉੱਤੇ ਉਸਰਦੀ ਹੈ ਜੋ ਕੁਦਰਤੀ ਚੀਜ਼ ਹੈ।

ਉਸ ਪ੍ਰਭੂ ਦੇ ਪ੍ਰੇਮ 'ਚ ਰੱਤਿਆ ਹੋਇਆ ਪੁਰਖ ਹੀ ਸਹਜ ਘਰ ਵਸਦਾ ਹੈ:

**ਹਰ ਸੰਗਿ ਰਾਤਾ ਸਹਜ ਘਰਿ ਵਸੈ**

(**ਗਉੜੀ ਮਃ ਪ. ਪੰਨਾ** 201)

ਪੁਰਾਣੇ ਵਿਚਾਰਵਾਨਾਂ ਨੇ ਸਰੀਰ ਦੀਆਂ ਤਿੰਨ ਅਵਸਥਾਵਾਂ ਜਾਗ੍ਰਤ, ਸੁਪਨ, ਸੁਖੋਪਤਿ ਮੰਨਿਆਂ ਹਨ, ਇਕ ਸਮਾਂ ਹੁੰਦਾ ਹੈ ਜਦੋਂ ਅਸੀਂ ਜਾਗਦੇ ਤੇ ਕੰਮ ਕਰਦੇ ਹਾਂ, ਦੂਜੀ ਅਵਸਥਾ ਅਜਿਹੀ ਹੈ ਜਦੋਂ ਨਾ ਜਾਗਦੇ ਹੁੰਦੇ ਹਾਂ ਤੇ ਨਾ ਹੀ ਸੁਤੇ-ਇਹ ਸੁਪਨ ਅਵਸਥਾ ਹੈ, ਸਖੋਪਤਿ ਉਸ ਹਾਲਤ ਦਾ ਨਾਮ ਹੈ ਜਦੋਂ ਇਤਨੀ ਗੂੜੀ ਨੀਂਦ ਹੁੰਦੀ ਹੈ ਕਿ ਪਤਾ ਨਹੀ ਲਗਦਾ ਕਿ ਕਿਥੇ ਪਏ ਹਾਂ। ਬ੍ਰਹਮ ਗਿਆਨੀ ਇਨ੍ਹਾਂ ਤਿੰਨਾਂ

ਅਵਸਥਾਵਾਂ ਤੋਂ ਉਤਾਂਹ ਉੱਠ ਕੇ ਪ੍ਰਭੂ ਨਾਲ ਇਕ-ਮਿਕ ਹੋ ਸਹਿਜ ਅਵਸਥਾ ਵਿਚ ਵਿਚਰਦਾ ਹੈ, ਇਸ ਅਵਸਥਾ ਨੂੰ ਚੌਥਾ ਪੱਦ ਵੀ ਕਿਹਾ ਗਿਆ ਹੈ। ਤੁਰੀਆ ਪਦ, ਸਹਿਜ ਪਦ, ਪਰਮ ਪਦ ਜਾਂ ਅਮਰ ਪਦ ਇਸੇ ਦਾ ਨਾਮ ਹੈ। ਯੋਗੀ ਪ੍ਰਾਣਾਯਾਮ ਦੀ ਸਾਧਨਾ ਰਾਹੀਂ ਕੁੰਡਲਨੀ ਨੂੰ ਜਗਾ ਕੇ ਸੁਖਮਨ ਵਿਚ ਲੈ ਜਾਂਦੇ ਸਨ ਤੇ ਇਸ ਨੂੰ ਸਮਾਧੀ ਦੀ ਅਵਸਥਾ ਜਾਂ ਤੁਰੀਆ ਪਦ ਕਹਿੰਦੇ ਸਨ ਤੁਰੀਆਂ ਦਾ ਅੱਖਰੀ ਅਰਥ ਚਉਥਾ ਹੈ।

ਇਹ ਵੀ ਕਿਹਾ ਗਿਆ ਹੈ ਕਿ ਸੰਸਾਰੀ ਜੀਵ ਰਜੇ, ਸਤੇ ਤੇ ਤਮੇ, ਇਨ੍ਹਾਂ ਤਿੰਨਾਂ ਗੁਣਾਂ ਵਿਚ ਭ੍ਰਮਦੇ ਹਨ ਪਰ ਉਤਮ ਜੀਵਨ ਵਾਲੇ ਇਨ੍ਹਾਂ ਤਿੰਨਾਂ ਨੂੰ ਛੱਡ ਕੇ ਚੋਥੀ ਅਵਸਥਾ ਵਿਚ ਜੀਵਨ ਬਿਤਾਉਂਦੇ ਹਨ। ਸੋ ਚਉਥਾ ਪਦ ਕੋਈ ਵਿਸ਼ੇਸ਼ ਟਿਕਾਣਾ ਨਾ ਸਮਝ ਕੇ ਮੰਨ ਦੀ ਸਾਧੀ ਹੋਈ ਸੰਤੁਲਿਤ ਤੇ ਸਹਜ ਅਵਸਥਾ ਹੈ, ਜਿਸ ਨੂੰ ਇਕ ਗੁਰਮੁਖ ਹੀ ਪ੍ਰਾਪਤ ਕਰ ਸਕਦਾ ਹੈ ਤੇ ਇਸ ਤਰ੍ਹਾਂ ਪਰ ਪਦ ਪ੍ਰਾਪਤ ਕਰਦਾ ਹੈ।

**ਚਉਥੈ ਪਦ ਮਹਿ ਸਹਜ ਹੈ,**
**ਗੁਰਮੁਖ ਪਲੈ ਪਾਇ॥**

(**ਸਿਰੀ ਰਾਗ ਮ: 3 ਪੰਨਾ** 68)

**ਰਜ ਗੁਣ ਤਮ ਗੁਣ ਸਤ ਗੁਣ ਕਹੀਐ,**
**ਇਹ ਤੇਰੀ ਸਭ ਮਾਇਆ॥**
**ਚਉਥੇ ਪਦ ਕਉ ਜੋ ਨਰੁ ਚੀਨੈ**
**ਤਿਨ ਹੀ ਪਰਮ ਪਦੁ ਪਾਇਆ॥**

(**ਕੇਦਾਰਾ ਕਬੀਰ ਪੰਨਾ** 1123)

ਕਬੀਰ ਜੀ ਨੇ ਆਖਿਆ ਹੈ :

**ਸਹਜ ਹੀ ਅਕਥ ਕਥਾ ਹੈ ਨਿਰਾਰੀ**

(**ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ** : 333)

ਸਹਜ ਦੀ ਅਵਸਥਾ ਭੀ ਅਕੱਥ ਹੈ । ਫਿਰ ਵੀ ਸਰਵ ਉੱਚ ਆਤਮਕ ਅਵਸਥਾ ਨੂੰ ਸਮਝਣ ਅਤੇ ਸਮਝਾਉਣ ਲਈ ਸ਼ਬਦਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸਹਜ ਕੇਵਲ ਅਨੁਭਵ ਦਾ ਵਿਸ਼ਾ ਹੈ। ਇਸ ਅਨੁਭਵ ਦਾ ਵਰਨਣ ਅਤੇ ਵਿਆਖਿਆ ਪਰਿਪੂਰਨ ਹੁੰਦੀ ਹੋਈ ਵੀ ਸਦਾ ਅਪੂਰਨ ਰਹਿੰਦੀ ਹੈ। ਸੰਖੇਪ ਵਿਚ ਸਹਜ ਅਵਸਥਾ ਨੂੰ ਪੂਰਨ ਗਿਆਨ, ਆਤਮਾ ਦੀ ਅਡੋਲਤਾ, ਉਨਮਨਾ, ਚਉਥਾ ਪਦ, ਤੁਰੀਆ ਪਦ, ਪਰਮਪਦ, ਪਰਮਗਤੀ, ਨਿਰਵਾਨ, ਮੁਕਤੀ ਜਾਂ ਆਪਣੇ ਅਸਲੇ ਦੀ ਪਛਾਣ ਆਖਿਆ ਜਾ ਸਕਦਾ ਹੈ। ਆਪਣੇ ਅਸਲੇ ਦੀ ਪਛਾਣ ਹੋਣ ਉਪ੍ਰੰਤ ਬ੍ਰਹਮ ਗਿਆਨੀ ਦਾ ਹਰ ਕਰਮ ਸਹਜ ਸੁਭਾਉ ਸਹਜ-ਅਨੰਦ ਦਾ ਮਾਰਗ ਦਰਸ਼ਨ ਕਰਦਾ ਹੈ ਤੇ ਗੁਰੂ ਅਮਰਦਾਸ ਵਾਂਗ ਸਹਜ ਯੋਗ ਦੇ ਸਾਧਕ ਦਾ ਜੀਵਨ ਆਦਰਸ਼ 'ਸਹਜੇ ਸਹਿਜ ਸਮਾਇਆ' (ਸ੍ਰੀ ਗੁ. ਗ੍ਰੰ. ਸਾ. ਪੰਨਾ 1068) ਬਣ ਜਾਂਦਾ ਹੈ ।

ਓੜਕ ਨੂੰ ਸਹਜ ਅਨੰਦ, ਅਨੰਦ-ਮੂਲ ਅਨੰਦ-ਰੂਪ ਜਾਂ ਪਰਮਾਨੰਦ ਬਣ ਜਾਂਦਾ ਹੈ ।

**ਆਨੰਦ ਮੂਲ ਅਨਾਥ ਅਧਾਰੀ॥**
**ਗੁਰਮੁਖਿ ਭਗਤਿ ਸਹਿਜ ਸੰਧਾਰੀ**

(ਪੰਨਾ : 685)

**ਤ੍ਰਿਤੀਆ ਤੀਨੇ ਸਮ ਕਰ ਲਿਆਵੈ॥**
**ਆਨੰਦ ਮੂਲ ਪਰਮ ਪਦ ਪਾਵੈ**

(ਪੰਨਾ 343)

**ਆਨੰਦ ਰੂਪ ਅਨੂਪ ਸਰੂਪਾ**
**ਗੁਰਿ ਪੂਰੇ ਦੇਖਾਇਆ॥**

(ਪੰਨਾ 1041)

ਗੁਰਮਤਿ ਕਾਵਿ ਵਿਚ ਇਸ ਆਨੰਦ ਦੀ ਪ੍ਰਾਪਤੀ ਸਹਜ ਨਾਲ ਹੀ ਸਬੰਧਿਤ ਹੈ। ਦਰਅਸਲ ਸਹਿਜ ਅਤੇ ਆਨੰਦ ਦਾ ਆਪੇ ਵਿਚ ਅਨਿਖੜਵਾਂ ਸਬੰਧ ਹੈ।

ਬੇਸ਼ਕ ਹਠ ਜੋਗੀਆ, ਸਹਜ ਯਾਨੀ ਸਿੱਧਾਂ, ਤਾਂਤ੍ਰਿਕਾਂ, ਨਾਥ-ਪੰਥੀਆਂ ਅਤੇ ਜੋਗਮਤ ਦੇ ਹੋਰ ਕਈ ਭੇਖਾਂ ਦੀਆਂ ਸਾਧਨਾਂ ਪੱਧਤੀਆਂ ਨਾਲ ਸਬੰਧਿਤ ਯੋਗ ਕਿਰਿਆਵਾਂ ਅਤੇ ਚਰਯਾਵਾਂ ਜਿਵੇਂ ਸਰਵਰ, ਹੰਸ ਪਰਮਹੰਸ, ਆਤਮ ਗਉਣ, ਆਸਣ, ਧਿਆਨ, ਸਮਾਧੀ ੧ਓ ਸ਼ਿਵਘਰ, ਸ਼ਕਤੀ ਘਰੋ, ਗਗਨ-ਮੰਡਲ, ਸੁੰਨ-ਗੁਫਾ ਸ਼ਬਦ ਧੁਨਿ, ਮਹਾਂਰਸ, ਮਹਾ ਆਨੰਦ, ਮਹਾ ਸੁਖ, ਦਸਮ ਦੁਆਰ, ਅਨਾਹਤ, ਮਹਾ ਸੁਖ, ਦਸਮ ਦੁਆਰ, ਅਨਾਹਤ ਸ਼ਬਦ ਆਦਿ ਦਾ ਵਰਣਨ ਗੁਰਬਾਣੀ ਵਿਚ ਹੋਇਆ ਹੈ ਪਰ ਹਠ-ਯੋਗ ਦੇ ਉਲਟ ਗੁਰਬਾਣੀ ਵਿਚ ਸਰਵ-ਉੱਚ ਆਤਮਿਕ ਅਙਸਥਾ (ਸਹਜ ਆਨੰਦ) ਦੀ ਪ੍ਰਾਪਤੀ ਨੂੰ ਸਹਜ ਯੋਗ ਦੁਆਰਾ ਪ੍ਰਾਪਤ ਕਰਨ ਦਾ ਉਪਦੇਸ਼ ਕੀਤਾ ਹੈ। ਗੁਰਮਤਿ ਸਾਹਿਤ ਵਿਚ ਸੁੰਨ-ਗੁਫਾ ਦੀ ਥਾਂ ਸਹਜ-ਗੁਫਾ, ਅਤੇ ਸੁੰਨ-ਸਮਾਧੀ ਦੀ ਥਾਂ ਸਹਜ-ਗੁਫਾ, ਅਤੇ ਸੁੰਨ-ਸਮਾਧੀ ਦੀ ਥਾਂ ਸਹਜ-ਸਮਾਧੀ ਜਾਂ ਸਹਜ-ਧੁੰਨ ਦਾ ਆਦਰਸ਼ ਹੈ। ਇਸੇ ਤਰ੍ਹਾਂ ਗੁਰਮਤਿ ਸਾਹਿਤ ਵਿਚ ਸਹਜ-ਧਿਆਨ, ਸਹਜ-ਗਿਆਨ, ਸਹਜ-ਯੋਗ, ਸਹਜ-ਬੈਰਾਗ, ਸਹਜ-ਨਿਦ੍ਰਾ, ਸਹਜ-ਘਰ, ਸਹਜ-ਧੁਨਿ, ਸਹਜ-ਸ਼ਬਦ, ਸਹਜ-ਆਸਣ, ਸਹਜ-ਕਥਾ, ਸਹਜ-ਰੰਗ, ਸਹਜ-ਸੰਗਾਰ, ਸਹਜ-ਧਨੁਖ, ਸਹਜ-ਸਰੋਵਰ, ਸਹਜ-ਸੁੱਖ, ਸਹਿਜ-ਆਨੰਦ ਆਦਿ ਦਾ ਅਨੁਭਵ ਮਿਲਦਾ ਹੈ।

**ਸਹਜ ਪ੍ਰਾਪਤੀ ਕਿਵੇ ਹੋਵੇ** :

ਗੁਰੂ ਅਮਰਦਾਸ ਜੀ ਰਚਿਤ 'ਰਾਮਕਲੀ ਆਨੰਦ' ਦੀਆਂ ਮੁਢਲੀਆਂ ਤੁਕਾਂ ਪੜ੍ਹ ਕੇ ਕਈ ਪਾਠਕ ਆਨੰਦ-ਪ੍ਰਾਪਤੀ ਨੂੰ ਬਹੁਤ ਸੌਖਾ ਕਾਰਜ ਸਮਝ ਬੈਠਦੇ ਹਨ :

**ਅਨੰਦੁ ਭਇਆ ਮੇਰੀ ਮਾਏ**
**ਸਤਿਗੁਰੂ ਮੈ ਪਾਇਆ॥**
**ਸਤਿਗੁਰ ਤੇ ਪਾਇਆ ਸਹਜ ਸੇਤੀ ਮਨਿ ਵਜੀਆ ਵਧਾਈਆ॥**

(**ਸ੍ਰੀ. ਗੁ. ਗ੍ਰੰ. ਸਾ. ਪੰਨਾ** - 817)

ਪਰ ਅਨੰਦ ਪ੍ਰਾਪਤੀ ਲਈ ਸਹਜ-ਪ੍ਰਾਪਤੀ ਜ਼ਰੂਰੀ ਹੈ ਅਤੇ ਸਹਜ-ਪ੍ਰਾਪਤੀ ਉਦੋਂ ਤਕ ਨਹੀਂ ਹੋ ਸਕਦੀ ਜਦੋਂ ਤੱਕ ਮਨੁੱਖ ਦਾ ਮਨ ਤ੍ਰੈਗੁਣੀ ਮਾਇਆ ਦੇ ਚੱਕਰਾਂ ਵਿੱਚ ਭ੍ਰਮਣ ਕਰਦਾ ਰਹਿੰਦਾ ਹੈ। ਧਰਮ ਸ਼ਾਸਤ੍ਰਾਂ ਦਾ ਪਾਠ ਰਟਣ ਨਾ, ਯੱਗ, ਦਾਨ, ਤੀਰਥ-ਯਾਤਰਾ ਆਦਿਕ ਕਰਮ ਕਾਂਡ ਕਰਨ ਨਾਲ ਅਤੇ ਤਰਕਾ-ਵਿਤਰਕਾ ਦੁਆਰਾ ਅਕਲੀ ਚਤੁਰਾਇਆਂ ਨਾਲ ਮਨ ਦੀ ਹਉਮੈਂ ਸਗੋਂ ਹੋਰ ਵਧਦੀ ਹੈ। ਜਦੋਂ ਤਕ ਹਉਮੈਂ ਦੀ ਮੈਲ ਦੂਰ ਨਹੀਂ

ਹੁੰਦੀ, ਉਦੋਂ ਤਕ ਹਰ ਪਾਸੇ ਭਟਕਦਾ ਤੇ ਭਰਮਦਾ ਮਨ ਆਪਣੇ ਕੇਂਦਰ ਉੱਤੇ ਟਿਕ ਨਹੀਂ ਸਕਦਾ। ਮਨ ਦੇ ਟਿਕਾਉ ਤੇ ਬਿਨ੍ਹਾਂ ਗਿਆਨ ਦਾ ਪ੍ਰਕਾਸ਼ ਨਹੀਂ ਹੋ ਸਕਦਾ। ਪੂਰਨ ਗਿਆਨ ਦੀ ਅਵਸਥਾ ਸਦੀਵ ਖੇੜੇ ਤੇ ਸਹਿਜ-ਅਨੰਦ ਦੀ ਅਵਸਥਾ ਹੈ। ਇਸ ਸਹਜ-ਅਵਸਥਾ ਨੂੰ ਪ੍ਰਾਪਤ ਕਰਨ ਲਈ ਸਾਰੀ ਦੁਬਿਧਾ, ਸਾਰੀ ਸ਼ੰਕਾਂ ਤਾਕ ਰੱਖ ਕੇ ਆਪਣੇ ਮਨ, ਤਨ, ਚਿਤ, ਸਭ ਕੁਝ ਗੁਣ ਸ਼ਬਦ ਨੂੰ ਅਰਪਣ ਕਰਨਾ ਪੈਂਦਾ ਹੈ। ਗੁਰ ਸ਼ਬਦ ਨੂੰ ਅਰਪਣ ਕਰਨਾ ਪੈਂਦਾ ਹੈ। ਗੁਰ ਸ਼ਬਦ ਜੋ ਗੁਰੂ ਤੋਂ ਹੀ ਪ੍ਰਾਪਤ ਹੋ ਸਕਦਾ ਹੈ।

ਗੁਰੂ ਹੀ ਹੈ ਜੋ ਸਹਜ ਪ੍ਰਾਪਤੀ ਦਾ ਮਾਰਗ ਦਸ ਸਕਦਾ ਹੈ।

**ਭਾਈ ਰੇ ਗੁਰ ਬਿਨੁ ਸਹਜੁ ਨ ਹੋਇ ॥**
**ਸ਼ਬਦੈ ਹੀ ਤੇ ਸਹਜੁ ਉਪਜੈ**
**ਹਰਿ ਪਾਇਆ ਸਚੁ ਸੋਇ ॥**.....

ਸਹਜ ਪ੍ਰਾਪਤੀ ਲਈ ਤਾਂ ਜੋਤੀ-ਜੋਤ ਮਿਲਾਉਣੀ ਪੈਂਦੀ ਹੈ। ਭਾਵ ਆਪਾ ਮਿਟਾ ਕੇ ਉਸ ਪ੍ਰਭੂ ਸੰਗ ਲਾਉਣਾ ਪੈਂਦਾ ਹੈ। ਗੁਰ ਸ਼ਬਦ ਬਿਨਾਂ ਹੋਰ ਪੜ੍ਹਨਾ ਸੁਣਨਾ ਬੇਫਾਇਦਾ ਹੈ ਜੇ ਸਹਜ ਪ੍ਰਾਪਤੀ ਦੀ ਲੋੜ ਹੈ। ਬੇਦ ਪੁਰਾਨ ਪੜ੍ਹਨ ਨਾਲ ਸਹਜ ਪ੍ਰਾਪਤ ਨਹੀਂ ਹੁੰਦਾ:

**ਕਿਆ ਪੜੀਐ ਕਿਆ ਗੁਨੀਐ**
**ਕਿਆ ਬੇਦ ਪੁਰਾਨਾਂ ਸੁਨੀਐ**
**ਪੜੇ ਸੁਨੇ ਕਿਆ ਹੋਈ**
**ਜਉ ਸਹਜ ਨ ਮਿਲਿਓ ਸੋਈ ॥**

(**ਸੋਰਠਿ ਕਬੀਰ**, **ਪੰਨਾ** 655)

ਸਹਜ ਪ੍ਰਾਪਤੀ ਲਈ ਹਉਮੈਂ ਹਮੇਸ਼ਾਂ ਆੜੇ ਆਉਂਦੀ ਹੈ ਤੇ ਗੁਮਾਨ-ਅਭਿਆਨ ਸਹਜ ਅਵਸਥਾ ਤੱਕ ਪਹੁੰਚਣ ਨਹੀਂ ਦਿੰਦੇ। ਸੱਚੀ-ਲਿਵ ਦੁਆਰਾ ਗੁਰ ਸ਼ਬਦ ਦੀ ਕਮਾਈ ਨਾਲ ਹੁਉਮੈਂ ਦੀ ਮੈਲ ਦੂਰ ਹੁੰਦੀ ਹੈ। ਇਹ ਦਾਤ ਉਸ ਸੱਚੇ ਪ੍ਰਮੇਸ਼ਵਰ ਤੇ ਹੀ ਮਿਲਦੀ ਹੈ।

**ਜਬ ਇਹੁ ਮਨ ਮਹਿ ਕਰਤ ਗੁਮਾਨਾ ॥**
**ਤਬ ਇਹੁ ਬਾਵਰੁ ਫਿਰਤ ਬਿਗਾਨਾ ॥**
**ਸਹਜ ਸੁਹੇਲਾ ਫਲੁ ਮਸਕੀਨੀ ॥**
**ਸਤਿਗੁਰ ਅਪੁਨੈ ਮੋਹਿ ਦਾਨੁ ਦੀਨੀ ॥**

(**ਗਉੜੀ ਗੁਆਰੇਰੀ ਮਹਲਾ** 5.)

ਨਿਰਮਲ ਹਿਰਦੇ ਵਿੱਚ ਨਾਮ ਦਾ ਪ੍ਰਕਾਸ਼ ਹੁੰਦਾ ਹੈ ਅਤੇ ਨਾਮ ਦੇ ਨਿਵਾਸ ਨਾਲ ਸਹਜ-ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਦਸਮ ਦੁਆਰ, ਮਹਾ-ਰਸ, ਅਨਾਹਤ ਸ਼ਬਦ, ਆਦਿਕ ਸਭ ਆਤਿਮਿਕ ਅਵਸਥਾਵਾਂ ਸਹਜ ਅਤੇ ਆਨੰਦ-ਪ੍ਰਾਪਤੀ ਦੇ ਨਾਲ ਹੀ ਸਹਜ-ਸੁਭਾ ਪ੍ਰਾਪਤ ਹੋ ਜਾਂਦੀਆਂ ਹਨ।

ਇਹ ਆਨੰਦ ਕਿਸ ਤਰ੍ਹਾਂ ਦਾ ਹੈ ਇਸ ਨੂੰ ਜਾਨਣ ਲਈ ਸਾਨੂੰ ਅਧਿਆਤਮਕ ਖੇਤਰ ਵਿੱਚ ਡੂੰਘੀਆਂ ਤਾਰੀਆਂ ਲਾਉਣੀਆਂ ਪੈਣਗੀਆਂ। ਸਿੱਧਾਂ ਨੇ ਚਾਰ ਆਨੰਦ ਮੰਨੇ ਹਨ - ਪ੍ਰਥਮਾਨੰਦ, ਪਰਮਾਨੰਦ, ਵਿਆਨੰਦ ਅਤੇ ਸਹਜਾਨੰਦ। ਪ੍ਰਥਮਾਨੰਦ ਵਿਚਿਤ੍ਰ ਛਿਣ ਦਾ ਅਨੰਦ ਹੈ ਜਿਸ ਦੀ ਅਨੁਭੂਤੀ ਆਲਿੰਗਨ ਚੁੰਬਨ ਆਦਿ ਨਾਲ ਮਿਲਦੀ ਹੈ। ਪਰਮਾਨੰਦ ਗਿਆਨ ਸੁਖ ਦਾ ਯੋਗ ਹੈ। ਵਿਆਨੰਦ ਸਮਾਗਮ ਸੁੱਖ ਦੀ ਭਾਂਤਿ ਹੈ ਅਤੇ ਇਨ੍ਹਾਂ ਸਭ ਰਾਗ ਵਿਰਾਗਾਂ ਤੋਂ ਵਰਜਿਤ ਹੈ। ਚੌਥਾ ਆਨੰਦ, ਸਹਜਾਨੰਦ ਜਿਹੜਾ ਸਰਵਸ੍ਰੇਸ਼ਠ ਹੈ।

ਗੁਰਮਤਿ ਅਨੁਸਾਰ ਇਹ ਸਹਿਜ ਸੁਖ, ਸਹਜ-ਅਨੰਦ ਜਾਂ ਸ਼ਾਂਤਿ ਸਹਿਜ ਪ੍ਰਮਾਤਮਾ ਨੂੰ ਪਾਇਆਂ ਅਤੇ ਉਸ ਵਿੱਚ ਸਮਾਇਆਂ ਹੀ ਮਿਲਦਾ ਹੈ। ਪ੍ਰਮਾਤਮਾ ਨੂੰ ਪਾਉਣ ਲਈ ਉਸ ਨੂੰ ਯਾਦ ਕਰਨਾ ਜ਼ਰੂਰੀ ਹੈ, ਸਿਮਰਨਾ ਜ਼ਰੂਰੀ ਹੈ। ਸਿਮਰਦੇ ਸਿਮਰਦੇ ਆਪਣੀ ਅਜਿਹੀ ਅਵਸਥਾ ਹੋ ਜਾਵੇ ਕਿ ਉਸ ਦੀ ਯਾਦ ਵਿੱਚ ਜੁੜੇ ਰਹਿਣਾ ਤੇ ਫਿਰ ਉਸ ਨਾਲ ਲਿਵ-ਲਾਉਣਾ ਸੁਭਾਵਿਕ ਹੋ ਜਾਵੇ। ਇਹ ਕਿਵੇਂ ਹੋਵੇ ਇਸ ਦਾ ਮਾਰਗ ਗੁਰੂ ਹੀ ਦਸ ਸਕਦਾ ਹੈ। ਸਾਡਾ ਗੁਰੂ ਗ੍ਰੰਥ ਸਾਹਿਬ ਜਿਸ ਵਿੱਚ ਉਸ ਦਾ ਸਿਮਰਨ ਉਸਨੂੰ ਪਾਉਣ ਤੇ ਸਮਾਉਣ ਦੇ ਰਾਹ ਦਸੇ ਗਏ ਹਨ। ਗੁਰਮਤਿ ਅਨੁਸਾਰ ਸਹਿਜ ਇਕ ਸਾਧਨਾ ਮਾਰਗ ਹੀ ਨਹੀਂ ਸਗੋਂ ਸਮੁੱਚੀ ਜੀਵਨ ਜਾਂਚ ਹੈ। ਗੱਲ ਤਾਂ ਆਪਣੀ ਆਤਮਤ ਦੇ ਸਨਾਤਨ ਰੂਪ ਨੂੰ ਪਛਾਨਣ ਦੀ ਹੈ। ਸਚਿਆਰਾ ਹੋਣ ਦੀ ਅਤੇ ਕੂੜ ਦੀ ਪਾਨ ਤੋੜਨ ਦੀ ਹੈ। ਜੋ ਜੀਵਨ ਵਿੱਚ 'ਸਹਜ ਖਟੇ ਲਖ ਕਉ ਉਠਿ ਧਾਵੈ। ਤ੍ਰਿਪਤ ਨਾ ਆਵੈ ਮਾਇਆ ਪਾਛੈ ਪਾਵੈਂ।" (ਪੰਨਾ 279) ਵਾਲੀ ਅਵਸਥਾ ਬਣੀ ਰਹੀ ਤਾਂ ਮਨ ਨੇ ਸਨਾਤਨ ਰੂਪ ਕਿਵੇਂ ਹੋਣਾ ਹੋਇਆ ? ਸਚਿਆਰ ਦਾ ਪਦ ਕਿਵੇਂ ਪ੍ਰਾਪਤ ਹੋਣਾ ਹੋਇਆ ? ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜਦ ਸਾਰਾ ਜੀਵਨ ਹੀ ਪ੍ਰਭੂ ਅੱਗੇ ਅਰਪਿਤ ਹੋ ਜਾਵੇ, ਜੀਵਨ ਦੀ ਹਰ ਕ੍ਰਿਆ, ਜਿਵੇਂ ਜਾਗਣਾ, ਸੋਣਾ, ਖਾਣਾ, ਪੀਣਾ, ਹੱਸਣਾ, ਚੁੱਪ ਹੋਣਾ, ਸਾਧੂ ਸੰਗ ਕਰਨਾ ਸਭ ਉਸ ਪ੍ਰਥਾਇ ਹੀ ਹੋਵੇ, ਕੋਈ ਉਚੇਚ ਨਾ ਹੋਵੇ, ਕੋਈ ਵਿਧੀ ਵਿਧਾਨ ਨਹੀਂ, ਅੱਖਾਂ ਨਹੀਂ ਮੁੰਦਣੀਆਂ, ਬਗਲਾ-ਸਮਾਧੀਆਂ ਨਹੀਂ ਲਾਉਣੀਆਂ। ਵਣਾਂ ਵਿੱਚ ਨਹੀਂ ਜਾਣਾ: 'ਨਿਮਖ ਨਿਮਖ ਕਰਿ' ਸਰੀਰ ਨਹੀਂ ਕਟਾਉਣਾ ਤਪ ਨਹੀ ਕਰਨੇ, ਸੋਨਾ, ਘੋੜੇ, ਹਾਥੀ ਅਤੇ ਭੂਮੀ ਦਾ ਦਾਨ ਨਹੀਂ ਕਰਨਾ। ਇਹ ਤਾਂ ਸਭ ਕੱਚੀ ਕੰਧ ਨੂੰ ਜਲ ਨਾਲ ਧੋ ਕੇ ਸ਼ੁਧ ਕਰਨ ਦੇ ਸਮਾਨ ਹੈ। ਜੋ ਦੁਨੀਆਦਾਰੀ ਲਈ ਹੋਰ ਸਮਾਂ ਰਖਿਆ ਅਤੇ ਪ੍ਰਭੂ-ਭਗਤੀ ਲਈ ਹੋਰ ਤਾਂ ਫਿਰ ਇਹ ਸਹਿਜ ਨਹੀਂ। ਸਹਿਜ ਹੈ ਜੀਵਨ ਦੇ ਹਰ ਪਲ ਵਿੱਚ ਅਡੋਲਤਾ ਦੇ ਪੰਘੂੜੇ ਉੱਤੇ ਹਿਲੋਰਾ ਲੈਣਾ। ਸਹਿਜ ਮਾਰਗੀ ਜੋ ਕੁਝ ਕਰਦਾ ਹੈ, ਇਲਾਹੀ ਮੌਜ ਵਿੱਚ ਕਰਦਾ ਹੈ। ਜੋ ਕੁਝ ਉਸ ਤੋਂ ਹੁੰਦਾ ਹੈ, ਆਪਣੇ ਆਪ ਸੁਭਾਵਿਕ ਹੀ ਹੁੰਦਾ ਹੈ। ਉਹ ਸਦਾ ਪ੍ਰਭੂ ਨਾਲ ਵਸਦਾ ਹੈ ਉਸਦੀ ਰਜ਼ਾ ਵਿੱਚ ਰਹਿੰਦਾ ਹੈ।

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

**ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ।**

(**ਸ੍ਰ.ਗੁ.ਗ੍ਰੰ.ਸਾ. ਪੰਨਾ** 282)

ਕਬੀਰ ਜੀ ਇਸ ਪ੍ਰਕਾਰ ਦੇ ਸਹਿਜ ਭਾਵੀਂ ਜੀਵਨ ਨੂੰ ਸਹਿਜ ਸਮਾਧੀ ਕਹਿੰਦੇ ਹਨ। ਇਸ ਸਹਿਜ ਸਮਾਧੀ ਵਿੱਚ ਖੁਲ੍ਹੇ ਨੈਣੀ ਹੀ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਕੰਮੀ ਕਾਰੀਂ ਤੁਰੇ ਫਿਰਨਾ ਹੀ ਪਰਕ੍ਰਿਮਾ ਹੈ। ਨਿਤ ਦਾ ਜੀਵਨ ਕਾਰਜ ਹੀ ਪ੍ਰਭੂ ਦੀ ਸੇਵਾ ਹੈ। ਕੰਮ ਕਾਜ ਤੋਂ ਪਿਛੋਂ ਮਿੱਠੀ ਨੀਂਦ ਸੋਣਾ ਹੀ ਡੰਡਵਤ ਪ੍ਰਣਾਮ ਹੈ, ਮੂਹੋਂ ਬੋਲਣਾ ਹੀ ਨਾਮ ਜਪਣਾ ਹੈ, ਸੁਣਨਾ ਹੀ ਸਿਮਰਨ ਹੈ, ਖਾਣਾ ਪੀਣਾ ਹੀ ਪੂਜਾ ਹੈ। ਇਹ ਸਹਿਜ ਰਹਿਣਾ ਕੋਈ ਛਿਣਕ ਨਹੀਂ, ਸਗੋਂ ਇਹ ਨਿਰੰਤਰ ਹੈ ਅਤੇ ਦਿਨੋ-ਦਿਨ ਇਸ ਵਿੱਚ ਵਾਧਾ ਹੀ ਹੁੰਦਾ ਹੈ। ਇਹੋ

ਉਨਮਨੀ ਰਹਿਣੀ ਹੈ, ਇਹ ਦੁਖ ਸੁਖ ਤੋਂ ਪਰੇ ਪਰਮ ਪਦ ਹੈ। ਕਬੀਰ ਜੀ ਨੇ ਲਿਖਿਆ ਹੈ :

**ਸਾਧੋ ਸਹਜ ਸਮਾਧੀ ਭਲੀ।**

**ਗੁਰ-ਪ੍ਰਤਾਪ ਜਾ ਦਿਨ ਤੇ ਉਪਜੀ, ਦਿਨ ਦਿਨ ਅਧਿਕ ਚਲੀ॥**

ਸਾਧਾਰਣ ਤੋਂ ਸਾਧਾਰਣ ਮਨੁੱਖ ਦੇ ਜੀਵਨ ਵਿੱਚ ਵੀ ਕੁਝ ਪਲ ਅਜਿਹੇ ਆਉਂਦੇ ਹਨ ਜਦ ਉਸਨੂੰ ਆਪਣੇ ਸਹਿਜ ਰੂਪ ਦਾ ਝਲਕਾਰਾ ਮਿਲਦਾ ਹੈ। ਜਦੋਂ ਉਹ ਆਪਣੇ ਆਪ ਨੂੰ ਮਾਇਆ ਜਾਲ ਤੋਂ ਉਪਰ ਉਠ ਗਿਆ ਮਹਿਸੂਸ ਕਰਦਾ ਹੈ। ਪਰ ਅਸਲ ਸਹਿਜ ਇਉਂ ਜੋਸ਼ ਦੇ ਖਿਣਾਂ ਦਾ ਹੁਲਾਰਾ ਨਹੀਂ ਹੈ ਇਹ ਤਾਂ ਸਾਰਾ ਜੀਵਨ ਪ੍ਰਭੂ-ਪ੍ਰੀਤ ਦਾ ਨਿਭਾ ਕਰਨਾ, ਉਸ ਦੀ ਆਗਿਆ ਪਾਲਣਾ ਕਰਦੇ ਦੁਖ ਤੇ ਸੁਖ ਨੂੰ ਬਰਾਬਰ ਕਰਕੇ ਜਾਣਦੇ ਰਹਿਣਾ ਹੈ।

ਗੁਰੂ ਅਰਜਨ ਦੇਵ ਜੀ ਰਾਗ ਮਾਰੂ ਵਿਚ ਫੁਰਮਾਉਂਦੇ ਹਨ :

**ਸੇਵਕ ਕੀ ਓੜੀਕ ਨਿਹੀ ਪ੍ਰੀਤਿ।**
**ਜੀਵਤ ਸਾਹਿਬੁ ਸੇਵਿਓ ਅਪਨਾ**
**ਚਲਤੇ ਰਾਖਿਓ ਚੀਤਿ॥ਰਹਾਉ॥**
**ਜੈਸੀ ਆਗਿਆ ਕੀਨੀ ਠਾਕੁਰਿ**
**ਤਿਸ ਤੇ ਮੁਖੁ ਨਹੀ ਮੋਰਿਓ।**
**ਸਹਜੁ ਅਨੰਦ ਰਖਿਓ ਗ੍ਰਿਹ ਭੀਤਰਿ**
**ਉਠਿ ਉਆਹੂ ਕਉ ਦਉਰਿਓ।**

ਸਹਿਜ ਅਵਸਥਾ ਦੀ ਪ੍ਰਾਪਤੀ ਸਤਿਗੁਰੂ ਕਿਰਪਾ ਤੇ ਹੀ ਮਿਲਦੀ ਹੈ। ਸਤਿਗੁਰੂ ਕਿਰਪਾ ਉਸ ਸਤਿਗੁਰੂ ਨੂੰ ਜਪਣ ਸਿਮਰਣ ਤੇ ਹੀ ਪ੍ਰਾਪਤ ਹੁੰਦੀ ਹੈ:

ਇਸ ਤਰ੍ਹਾਂ ਸਹਿਜ ਸੁਖ ਆਤਮ ਪਛਾਣ ਦਾ ਸੁਖ, ਆਪਣੇ ਘਰ ਜਾਣ ਦਾ ਸੁਖ, ਜਲ ਵਿੱਚ ਜਲ ਅਤੇ ਜੋਤਿ ਵਿਚ ਜੋਤਿ ਦੇ ਸਮਾਂ ਜਾਣ ਦਾ ਸੁਖ, ਉਤਪੰਨ ਅਰਥਾਂ ਅਨੁਸਾਰ ਸੁਖ ਸਹਿਜ ਦਾ ਅਰਥ ਹੈ ਸੁਭਾਵਿਕ ਜੀਵਨ ਦਾ ਸੁਖ। ਸੁਭਾਵਿਕ ਜੀਵਨ ਉਸ ਦਾ ਹੀ ਹੁੰਦਾ ਹੈ ਜਿਸ ਨੇ ਨਿਜ ਸਰੂਪ ਨੂੰ ਪਛਾਣ ਲਿਆ ਹੋਵੇ। ਇਸ ਬਿਨਾਂ ਸੁਭਾਵਿਕਤਾ ਨਹੀਂ ਅਤੇ ਸੁਭਾਵਿਕਤਾ ਬਿਨਾਂ ਅਡੋਲ ਸੁਖ ਨਹੀਂ। ਸੋ ਸੁਖ ਸਹਿਜ ਦਾ ਭਾਵ ਹੋਇਆ ਅਕਾਲ ਪੁਰਖ ਨਾਲ ਅਭੇਦ ਸੁਭਾਵਿਕ ਜੀਵਨ ਦਾ ਸੁਖ।

ਗੁਰਮਤਿ ਵਿੱਚ ਸਹਿਜ ਅਵਸਥਾ ਦੇ ਅਨੰਦ ਨੂੰ ਦੂਜਿਆਂ ਨਾਲ ਸਾਝਾਂ ਕਰਨ ਦਾ ਅਨੂਠਾ ਯਤਨ ਹੈ ਭਾਵੇਂ ਕਿ ਇਸ ਦਾ ਕਥਨ ਕਰਨਾ 'ਕਰੜਾ ਸਾਰ' ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਦਾ ਸਵਾਦ 'ਗੁੰਗੇ ਦੇ ਗੁੜ ਖਾਣ' ਦੇ ਦ੍ਰਿਸ਼ਟਾਂਤ ਦਿੰਦੇ ਹੋਏ ਉਚਾਰਿਆ ਹੈ :

**ਜਿਨ ਚਾਖਿਆ ਸੋਈ ਸਾਦੁ ਜਾਣਨਿ, ਜਿਉ ਗੁੰਗੇ ਮਠਿਆਈ॥**
**ਅਕਥੈ ਕਾ ਕਿਆ ਕਥੀਐ ਭਾਈ, ਚਾਲਉ ਸਦਾ ਰਜਾਈ॥**

**(ਸ੍ਰ.ਗੁ.ਗ੍ਰੰ.ਸਾ. ਪੰਨਾ 635)**

ਇਸ ਸਹਿਜ ਦੀ ਨਿਰਾਲੀ ਕਥਾ ਨੂੰ ਅਕਥ ਕਹਿੰਦੇ ਹੋਏ ਭਗਤ ਕਬੀਰ ਜੀ ਲਿਖਦੇ ਹਨ :

**ਸਹਜ ਕੀ ਅਕਥ ਕਥਾ ਨਿਰਕਾਰੀ**
**ਤੁਲਿ ਨਹੀਂ ਦਵੈ ਜਾਇ ਨ ਮੁਕਾਤੀ, ਹਲਕੀ ਲਗੈ ਨਾ ਭਾਰੀ॥**

**(ਸ੍ਰ.ਗੁ.ਗ੍ਰੰ.ਸਾ. ਪੰਨਾ 333)**

ਸਹਿਜ ਦਾ ਸੁਖ, ਪਰਮ ਸੁਖ, ਜਾਂ ਸਦਾ ਸੁਖ ਨਾ ਜੀਭ ਦਾ ਸੁਖ ਹੈ ਨਾ ਕੰਨਾਂ ਦਾ, ਨਾ ਅੱਖਾਂ ਦਾ, ਨਾ ਕਿਸੇ ਹੋਰ ਇੰਦ੍ਰੀ ਦਾ ਤੇ ਨਾ ਹੀ ਸਮੁੱਚੇ ਸਰੀਰ ਦਾ, ਇਹ ਤਾਂ ਇਕ ਆਤਮਿਕ ਅਨੁਭਵ ਹੈ। ਫਿਰ ਉਹ ਸਹਿਜ ਅਵਸਥਾ ਪ੍ਰਾਪਤ ਹੁੰਦੀ ਹੈ ਜਿਥੇ ਜਨਮ ਮਰਨ ਦਾ ਭੈ ਖਤਮ ਹੋ ਜਾਂਦਾ ਹੈ, ਜਿਥੇ ਆਤਮਾ ਪਰਮਾਤਮਾ ਵਿੱਚ ਸਮਾ ਜਾਂਦੀ ਹੈ। ਹਰ ਪਾਸੇ ਅਥਾਹ ਪ੍ਰਕਾਸ਼ ਦਾ ਪਸਾਰਾ ਹੁੰਦਾ ਹੈ, ਜਿਸ ਅਗੇ ਚੰਦ ਸੂਰਜ ਤੁੱਛ ਜਾਪਦੇ ਹਨ। ਹਿਰਦੇ ਕਮਲ ਵਿੱਚ ਗੁਣਾਂ ਦੇ ਰਤਨਾਂ ਦਾ ਬਿਜਲੀ ਲਿਸ਼ਕਦੀ ਹੁੰਦਾ ਹੈ, ਅਨਾਹਤ ਸ਼ਬਦ ਦੀ ਗੁੰਜਾਈ ਸੁਣਾਈ ਦਿੰਦੀ ਹੈ। ਇਸ ਵਿੱਚ ਨਿਰੰਜਣ ਅਡੋਲਤਾ ਹੈ, ਪੂਰਨ ਸੁਤੰਤਰਤਾ ਹੈ, ਬੰਧਨ ਟੁੱਟ ਜਾਂਦੇ ਹਨ।

ਗੁਰਮਤਿ ਅਨੁਸਾਰ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੇ ਜ਼ਰੀਏ ਅਸੀਂ ਸਹਜ ਮਾਰਗ ਤੇ ਚਲ ਸਕਦੇ ਹਾਂ। ਸੋ ਆਉ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜ ਫੜੀਏ ਤੇ ਸਹਿਜ ਅਵਸਥਾ ਤੇ ਪਹੁੰਚਣ ਦੀ ਕੋਸ਼ਿਸ਼ ਵਿੱਚ ਜੁਟ ਜਾਈਏ।

**ਸਰੋਤ : ਧੰਨਵਾਦ ਸਹਿਤ : ਮੁੱਖ ਲੇਖ - ਦਲਵਿੰਦਰ ਸਿੰਘ ਗਰੇਵਾਲ**

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਅਕਤੂਬਰ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

**ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ**



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ -** ਅਕਤੂਬਰ 2024 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਕਤੂਬਰ ਮਹੀਨੇ ਦੀ ਕੁੱਲ ਆਮਦਨ - 12,46,037.00/-ਰੁਪਏ

ਅਕਤੂਬਰ ਮਹੀਨੇ ਦਾ ਕੁੱਲ ਖਰਚਾ - 8,35,804.14/-ਰੁਪਏ

2. **ਅਕਤੂਬਰ ਮਹੀਨੇ ਦੀ ਸੰਗਰਾਂਦ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 17.10.2024 ਨੂੰ ਬੜੇ ਹੀ ਸ਼ਰਧਾ ਅਤੇ ਪ੍ਰੇਮ ਭਾਵ ਨਾਲ ਮਨਾਈ ਗਈ। ਅਕਤੂਬਰ ਮਹੀਨੇ ਦੀ ਸੰਗਰਾਂਦ ਦੀ ਸੇਵਾ ਸ: ਬਲਵਿੰਦਰ ਸਿੰਘ ਮੁਲਤਾਨੀ, ਮ. ਨੰ: 541, ਫ਼ੇਸ-3ਏ, ਮੋਹਾਲੀ ਵਲੋਂ ਕੀਤੀ ਗਈ। ਕੀਰਤਨੀ ਜੱਥੇ ਨੇ ਰਸਮਈ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਇਸ ਮੌਕੇ ਤੇ ਲਗਭਗ 70-75 ਦੀ ਗਿਣਤੀ ਵਿਚ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

3. **"ਗੁਰੂ ਲਾਧੋ ਰੇ" ਦਿਵਸ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30ਏ, ਚੰਡੀਗੜ੍ਹ ਵਿਖੇ "ਗੁਰੂ ਲਾਧੋ ਰੇ" ਦਿਵਸ 20 ਅਕਤੂਬਰ 2024 ਦਿਨ ਐਤਵਾਰ ਨੂੰ ਬੜੀ ਹੀ ਸ਼ਰਧਾ ਅਤੇ ਉਤਸਾਹ ਨਾਲ ਮਨਾਇਆ ਗਿਆ। ਇਸ ਪਵਿੱਤਰ ਮੌਕੇ ਤੇ ਪੰਜਾਬ, ਚੰਡੀਗੜ੍ਹ, ਹਰਿਆਣਾ ਅਤੇ ਹੋਰ ਵੀ ਥਾਵਾਂ ਤੋਂ ਭਾਰੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸ ਸਮਾਗਮ ਵਿਚ ਕੀਰਤਨੀ ਜੱਥਾ ਭਾਈ ਉਂਕਾਰ ਸਿੰਘ ਹਜੂਰੀ ਰਾਗੀ, ਸ਼੍ਰੀ ਦਰਬਾਰ ਸਾਹਿਬ, ਅਮ੍ਰਿਤਸਰ ਅਤੇ ਭਾਈ ਗੁਰਬਚਨ ਸਿੰਘ ਵਲੋਂ ਰਸਮਈ ਕੀਰਤਨ ਕੀਤਾ ਗਿਆ। ਕਥਾਵਾਚਕ ਭਾਈ ਸੰਤੋਖ ਸਿੰਘ, ਚੰਡੀਗੜ੍ਹ ਅਤੇ ਇਸ ਤੋਂ ਇਲਾਵਾ ਕਥਾਵਾਚਕ ਭਾਈ ਗੁਰਬਖ਼ਸ਼ ਸਿੰਘ ਵਲੋਂ ਗੁਰਮਤਿ ਵਿਚਾਰਾਂ ਨੂੰ ਸੰਗਤ ਨਾਲ ਸਾਂਝਾ ਕੀਤਾ ਗਿਆ। ਇਸ ਸਮਾਗਮ ਵਿਚ ਭਾਈ ਗੁਰਜੀਤ ਸਿੰਘ ਗਰਜਾ ਮੁਖੀ, ਬ.ਮ.ਸ. ਲੁਬਾਣਾ ਤਰਨ ਦਲ ਅਤੇ ਦਲ ਬਾਬਾ ਫ਼ਤੇਹ ਸਿੰਘ, ਪਿਹੋਵਾ ਨਿਹੰਗ ਸਿੰਘ ਜੱਥੇਬੰਦੀਆਂ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਅਰਦਾਸ ਉਪਰੰਤ ਆਈ ਹੋਈ ਸੰਗਤ ਨੂੰ ਇੰਜ. ਭਗਵਾਨ ਸਿੰਘ ਲੁਬਾਣਾ, ਪ੍ਰਧਾਨ ਬ.ਮ.ਸ.ਲ ਫ਼ਾਊਂਡੇਸ਼ਨ (ਰਜਿ.), ਸ: ਕੁਲਦੀਪ ਸਿੰਘ ਮੁਲਤਾਨੀ, ਸਾਬਕਾ ਚੇਅਰਮੈਨ ਹਰਿਆਣਾ ਸਰਕਾਰ, ਸ: ਮੱਖਣ ਸਿੰਘ ਲੁਬਾਣਾ, ਅੰਬਾਲਾ ਅਤੇ ਸ: ਪੀ.ਪੀ. ਸਿੰਘ, ਪੀ.ਸੀ.ਐਸ. (ਰਿਟਾ.) ਵਲੋਂ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ। "ਗੁਰੂ ਕਾ ਲੰਗਰ" ਅਟੁੱਟ ਵਰਤਾਇਆ ਗਿਆ ਅਤੇ ਆਈ ਹੋਈ ਸੰਗਤ ਦਾ ਸ: ਗੁਲਸ਼ਨ ਕੁਮਾਰ ਸਿੰਘ, ਸੀਨੀ. ਵਾਇਸ ਪ੍ਰਧਾਨ (ਹੈ.ਕੁ.) ਅਤੇ ਸ: ਹਰਮਨਪ੍ਰੀਤ ਸਿੰਘ ਮੁਲਤਾਨੀ, ਜਨਰਲ ਸਕੱਤਰ ਵਲੋਂ ਵੀ ਸੰਗਤਾਂ ਨੂੰ ਸੰਬੋਧਨ ਕੀਤਾ ਗਿਆ।

4. **ਡੈਂਟਲ ਕਲੀਨਿਕ ਦੀ ਰਿਪੋਰਟ -** ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦੀ ਸ਼ੁਰੂਆਤ ਨਵੰਬਰ ਮਹੀਨੇ ਵਿਚ ਕੀਤੀ ਜਾ ਰਹੀ ਹੈ । ਡਾ: ਅਕਸ਼ੇ, ਐਮ.ਡੀ.ਐਸ. ਡੈਂਟਲ ਕਲੀਨਿਕ ਦਾ ਕੰਮ ਸੰਭਾਲ ਰਹੇ ਹਨ ਅਤੇ ਹੁਣ ਤੋਂ ਡੈਂਟਲ ਸੇਵਾਵਾਂ ਦਾ ਲਾਹਾ ਲਿਆ ਜਾ ਸਕਦਾ ਹੈ।

5. **ਸੋਲਰ-ਪਲਾਂਟ ਦੀ ਸਬਸਿਡੀ ਬਾਰੇ -** ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ.), ਚੰਡੀਗੜ੍ਹ ਵਿਖੇ ਸੋਲਰ ਪਲਾਂਟ ਲਗਾਉਣ ਬਾਰੇ ਮਤਾ 7 ਜਨਵਰੀ 2019 ਨੂੰ ਪਾਰਿਤ ਕੀਤਾ ਗਿਆ ਜਿਸ ਵਿਚ ਸ. ਜਗੀਰ ਸਿੰਘ ਲਾਲਿਆ, ਤਤਕਾਲੀਨ ਪ੍ਰਧਾਨ ਨੂੰ ਹਰ ਤਰੀਕੇ ਦੀਆਂ ਪਾਵਰਾਂ ਡੈਲੀਗੇਟ ਕੀਤੀਆਂ ਗਈਆਂ। ਵਿਧੀ ਅਨੁਸਾਰ ਕੁਟੇਸ਼ਨਾਂ ਮੰਗਵਾਈਆਂ ਗਈਆਂ ਅਤੇ ਜਿਹੜੀ ਸਭ ਤੋਂ ਘੱਟ ਅਮਾਉਂਟ

ਦੀ ਕੁਟੇਸ਼ਨ ਸੀ, ਜੋ ਕਿ 20,50,000/- ਰੁਪਏ ਦੀ ਸੀ। ਸੋਲਰ ਪਲਾਂਟ ਨੂੰ ਇਨਸਟਾਲ ਕਰਨ ਦਾ ਕੰਮ ਮਾਹਿਰਾ ਜੈਕਸਨ ਫ਼ਰਮ, ਫ਼ੇਸ-9, ਮੋਹਾਲੀ ਨੂੰ 04 ਜਨਵਰੀ 2019 ਨੂੰ ਦੇ ਦਿੱਤਾ ਗਿਆ। ਕੰਮ ਪੂਰਾ ਹੋਣ ਤੋਂ ਬਾਅਦ ਕਾਰਜਕਾਰਨੀ ਇੰਜੀਨੀਅਰ ਨੂੰ ਇਸ ਦੀ ਰਿਪੋਰਟ ਜਮ੍ਹਾਂ ਕਰਾਈ ਗਈ ਅਤੇ ਇਸ ਦਾ ਨੈਟ ਮੀਟਰਿੰਗ ਦਾ ਐਗਰੀਮੈਂਟ ਸ. ਜਗੀਰ ਸਿੰਘ ਲਾਲੀਆ ਅਤੇ ਨੋਡਲ ਅਫ਼ਸਰ ਦੇ ਵਿਚ ਸਾਇਨ ਕੀਤਾ ਗਿਆ। ਇਸ ਉਕਤ ਕੰਮ ਵਿਚ ਸੋਲਰ ਪਲਾਂਟ ਤੇ ਸਰਕਾਰ ਵਲੋਂ ਸਬਸਿਡੀ ਦਿੱਤੀ ਜਾ ਰਹੀ ਸੀ ਅਤੇ ਕੰਮ ਦੇ ਮੁਕੰਮਲ ਹੋਣ ਉਪਰੰਤ ਸਰਕਾਰ ਵਲੋਂ ਪਾਲਿਸੀ ਅਨੁਸਾਰ ਸੋਲਰ-ਪਲਾਂਟ ਤੇ ਸਬਸਿਡੀ ਦਿੱਤੀ ਜਾਣੀ ਬਣਦੀ ਸੀ, ਲੇਕਿਨ ਇਸ ਕੰਮ ਦੇ ਸਾਲ 2019 ਵਿਚ ਮੁਕੰਮਲ ਹੋਣ ਤੋਂ ਸਾਲ 2024 ਤੱਕ ਤਕਰੀਬਨ ਜੋ ਕਿ ਕੰਮ ਲਗਭਗ 6 ਸਾਲ ਇਸ ਦੀ ਸਬਸਿਡੀ ਲੈਣ ਲਈ ਬਣਦੀ ਕਾਰਵਾਈ ਸਮੇਂ-ਸਮੇਂ ਸਿਰ ਨਹੀਂ ਕੀਤੀ ਗਈ ਅਤੇ ਇਸ ਕਰਕੇ ਤਕਰੀਬਨ 6 ਸਾਲ ਸਰਕਾਰ ਦੀ ਪਾਲਿਸੀ ਅਨੁਸਾਰ ਬਣਦੀ ਸਬਸਿਡੀ ਲੈਣ ਵਿਚ ਭਵਨ ਅਸਮਰਥ ਰਿਹਾ।

ਜਦੋਂ 01 ਅਪਰੈਲ 2024 ਨੂੰ ਇੰਜ. ਭਗਵਾਨ ਸਿੰਘ ਲੁਬਾਣਾ ਜੀ ਪ੍ਰਧਾਨ ਬਣੇ, ਤਾਂ ਇਸ ਕੰਮ ਦੀ ਕਾਰਗੁਜਾਰੀ ਨੂੰ ਬੜੀ ਹੀ ਗਹਿਨਤਾ ਨਾਲ ਘੋਖਿਆ ਗਿਆ ਅਤੇ ਬੜੇ ਹੀ ਸੁਚੱਜੇ ਢੰਗ ਨਾਲ ਇਸ ਕੰਮ ਨੂੰ ਪੂਰਾ ਕਰਨ ਦਾ ਜਿੰਮਾ ਚੁਕਿਆ ਅਤੇ ਕਰੈਸਟ ਵਿਭਾਗ ਨਾਲ ਰਾਬਤਾ ਕਰਨ ਲਈ ਕਰਨਲ ਗੁਰਦੀਪ ਸਿੰਘ (ਰਿਟਾ.) ਜੀ ਨੂੰ ਨਾਮਜਦ ਕੀਤਾ ਗਿਆ ਅਤੇ ਉਹਨਾਂ ਨੇ ਆਪਣੀ ਬਹੁਤ ਹੀ ਵਧੀਆ ਕਾਰਜਸ਼ੈਲੀ ਦਾ ਪ੍ਰਗਟਾਵਾ ਕਰਦੇ ਹੋਏ ਇਸ ਕੰਮ ਨੂੰ ਸੰਪੂਰਨ ਕੀਤਾ ਜਿਸ ਦਾ ਨਤੀਜਾ ਇਹ ਹੋਇਆ ਕਿ ਮਿਤੀ 11-10-2024 ਨੂੰ 6,15,000/- ਰੁਪਏ ਦੀ ਸਬਸਿਡੀ ਦੀ ਰਕਮ ਭਵਨ ਦੇ ਖਾਤੇ ਵਿਚ ਆ ਗਈ। ਜਿਹੜਾ ਕੰਮ ਲਗਭਗ ਪਿਛਲੇ 6 ਸਾਲਾਂ ਤੋਂ ਰੁਕਿਆ ਹੋਇਆ ਸੀ ਉਹ 7 ਮਹੀਨਿਆਂ ਦੇ ਵਿਚ ਹੀ ਪੂਰਾ ਕਰ ਲਿਆ ਗਿਆ। ਇਸ ਤਰ੍ਹਾਂ ਹੀ ਮੌਜੂਦਾ ਮੈਨੇਜਮੈਂਟ ਵਲੋਂ ਭਵਨ ਦੇ ਬਾਕੀ ਦੇ ਰੁਕੇ ਜਾ ਰਹਿੰਦੇ ਕੰਮਾਂ ਨੂੰ ਬੜੀ ਹੀ ਤਰਤੀਬ ਨਾਲ ਨੇਪਰੇ ਚਾੜ੍ਹਨ ਲਈ ਜਤਨ ਕੀਤੇ ਜਾ ਰਹੇ ਹਨ। ਇਸ ਸੰਬੰਧੀ ਜੋ-ਜੋ ਵੀ ਉਪਲਬਧੀ ਹੋਵੇਗੀ, ਸਮੇਂ-ਸਮੇਂ ਸਿਰ ਸਮੂਹ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਜਾਏਗਾ।

**6. ਭਵਨ ਅਤੇ ਸਟਾਫ਼ ਬਾਰੇ -** ਸਮੂਹ ਸਟਾਫ਼ ਦੀ "ਗੁਰੂ ਲਾਧੋ ਰੇ" ਦਿਵਸ ਦੇ ਦਿਹਾੜੇ ਤੇ ਸ਼ਰਧਾਪੂਰਵਕ ਕੀਤੀ ਗਈ ਸੇਵਾ ਨੂੰ ਮੁੱਖ ਹੋਏ ਸਾਰੇ ਸਟਾਫ਼ ਮੈਂਬਰਾਂ ਨੂੰ 500/- ਰੁਪਏ ਦੇ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਅਤੇ ਦਿਵਾਲੀ ਦੇ ਬੋਨਸ ਦੇ ਤੌਰ ਤੇ 1100/- ਰੁਪਏ ਹਰ ਸਟਾਫ਼ ਮੈਂਬਰ ਨੂੰ ਦਿੱਤਾ ਗਿਆ।

ਸਾਰੇ ਭਵਨ ਨੂੰ "ਗੁਰੂ ਲਾਧੋ ਰੇ" ਦਿਵਸ ਤੋਂ ਲੈ ਕੇ "ਗੁਰੂ ਨਾਨਕ ਦੇਵ ਜੀ" ਦੇ ਗੁਰਪੁਰਬ ਦਿਹਾੜੇ ਤੱਕ ਸੁੰਦਰ ਲੜੀਆਂ ਨਾਲ ਸਜਾ ਕੇ ਰੱਖਣ ਦਾ ਮਤਾ ਪਾਸ ਕੀਤਾ ਗਿਆ ਜਿਸ ਦਾ ਕੁੱਲ਼ ਖਰਚਾ 11,092/- ਰੁਪਏ ਆਇਆ ਹੈ। ਇਹ ਲੜੀਆਂ ਅਜੇ ਵੀ ਭਵਨ ਉੱਤੇ ਸ਼ੋਭ ਰਹੀਆਂ ਹਨ।

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

**ਜ਼ਿੰਦਗੀ ਵਿਚ ਅਜਿਹਾ ਕਰੋ ਕਿ ਤੁਹਾਨੂੰ ਛੱਡਣ ਵਾਲਾ ਹੀ ਪਛਤਾਵੇ।**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

## ਬੱਚਿਆਂ ਦੀ ਯੋਗ ਸਿੱਖਿਆ ਅਤੇ ਕੰਮਕਾਜ ਪ੍ਰਾਪਤੀਆਂ ਦੀਆਂ ਕੁਝ ਯਾਦਾਂ

ਉਸ ਸਮੇਂ ਕਪੂਰਥਲਾ ਦੀ ਰੇਲ ਕੋਚ ਫੈਕਟਰੀ ਦਾ ਨਿਰਮਾਨ ਹੋ ਰਿਹਾ ਸੀ ਜਿੱਥੇ ਉਸ ਨੂੰ 8 ਮਈ, 1987 ਨੂੰ ਇਰਕਾਨ (ਇੰਡੀਅਨ ਰੇਲਵੇ ਕੰਸਟਰਕਸ਼ਨ ਕੰਪਨੀ) ਵੱਲੋਂ ਰੇਲ ਕੋਚ ਫੈਕਟਰੀ, ਕਪੂਰਥਲਾ ਪ੍ਰੋਜੈਕਟ ਵਿੱਚ ਅਸਿਸਟੈਂਟ ਪ੍ਰੋਜੈਕਟ ਮੈਨੇਜਰ ਨਿਯੁਕਤ ਕਰ ਦਿੱਤਾ ਗਿਆ। ਏਥੇ ਉਸ ਨੇ 15.12.1988 ਤੱਕ ਕੰਮ ਕੀਤਾ। ਇਸ ਪ੍ਰੋਜੈਕਟ ਦਾ ਕੰਮ ਅਗਲੇ ਸਾਲ ਖਤਮ ਹੋ ਜਾਣ ਕਰਕੇ ਰਵਿੰਦਰ ਨੂੰ ਬਾਹਰ ਮਲੇਸ਼ੀਆ ਦੀ ਪ੍ਰੋਜੈਕਟ ਤੇ ਜਾਣ ਲਈ ਪੇਸ਼ਕਸ਼ ਹੋਈ ਜੋ ਸਾਨੂੰ ਠੀਕ ਨਾ ਲੱਗੀ। ਇਸ ਦੌਰਾਨ ਉਸ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿੱਚ ਅਰਜ਼ੀ ਭੇਜੀ ਹੋਈ ਸੀ ਜਿਥੇ ਉਸ ਦੀ ਲੈਕਚਰਾਰ ਦੀ ਪੋਸਟ ਲਈ ਸਿਲੈਕਸ਼ਨ ਹੋ ਗਈ। ਜਿਸ ਕਰਕੇ ਉਸ ਨੇ ਇਰਕਾਨ ਕੰਪਨੀ ਦੀ ਪੋਸਟ ਤੋਂ ਅਸਤੀਫਾ ਦੇ ਦਿੱਤਾ ਅਤੇ ਅਗਲੇ ਦਿਨ 16 ਦਸੰਬਰ, 1988 ਨੂੰ ਗੌਰਮਿੰਟ ਪਾਲੀਟੈਕਨਿਕ ਕਾਲਜ, ਅੰਮ੍ਰਿਤਸਰ ਵਿਖੇ ਲੈਕਚਰਾਰ ਸਿਵਲ ਇੰਜੀਨੀਅਰਿੰਗ ਦੇ ਤੌਰ 'ਤੇ ਜੌਆਇਨ ਕਰ ਲਿਆ। ਇਹ ਪੰਜਾਬ ਗੌਰਮਿੰਟ ਦੀ ਗਜ਼ਟਿਡ ਪੋਸਟ ਸੀ ਅਤੇ ਇਸ ਪੋਸਟ ਦੀ ਤਨਖਾਹ ਐਸ.ਡੀ.ਉ. ਨਾਲੋਂ ਜ਼ਿਆਦਾ ਸੀ। ਏਥੋਂ ਲਗਭਗ ਤਿੰਨ ਸਾਲਾਂ ਲਈ ਪਟਿਆਲੇ ਬਦਲੀ ਹੋ ਗਈ। ਇਹ ਸਮਾਂ ਛੱਡ ਕੇ ਸ਼ੁਰੂ ਤੋਂ ਹੀ ਉਹ ਏਸੇ ਕਾਲਜ ਵਿੱਚ ਸੇਵਾ ਨਿਭਾਅ ਰਹੇ ਹਨ। ਵਿਆਹ ਤੋਂ ਬਾਅਦ ਕਪਲ ਕੇਸ ਕਰਕੇ ਉਸ ਦੇ ਪਤੀ ਪ੍ਰੋ. ਅਮਰੀਕ ਸਿੰਘ ਦੀ ਬਦਲੀ ਵੀ ਅੰਮ੍ਰਿਤਸਰ ਗੌਰਮਿੰਟ ਕਾਲਜ (ਲੜਕੀਆਂ) ਵਿਖੇ ਹੋ ਗਈ। ਰਵਿੰਦਰ ਦੀ 2009 ਵਿਚ ਸੀਨੀਅਰ ਲੈਕਚਰਾਰ ਵਜੋਂ ਅਤੇ 2015 ਵਿੱਚ ਹੈੱਡ ਆਫ ਡਿਪਾਰਟਮੈਂਟ ਦੇ ਤੌਰ 'ਤੇ ਪ੍ਰੋਮੋਸ਼ਨ ਵੀ ਏਸੇ ਕਾਲਜ ਵਿੱਚ ਹੋ ਗਈ। 2010 ਵਿੱਚ ਅੰਮ੍ਰਿਤਸਰ ਦੀ ਨਵੀਨ ਪੌਸ਼ ਕਾਲੋਨੀ 'ਹੋਲੀ ਸਿਟੀ' ਵਿੱਚ 72 ਲੱਖ ਰੁਪਏ ਮੁੱਲ ਦਾ ਨਵਾਂ ਬਣਿਆ ਖੁੱਲ੍ਹਾ ਘਰ ਵੀ ਖਰੀਦ ਲਿਆ। ਬੇਟਾ ਰਮਨੀਕ ਸਿੰਘ (ਨਨੂੰ) ਪਲੱਸ 2 ਵਿੱਚ 92% ਅੰਕ ਲੈ ਕੇ ਥਾਪਰ ਯੂਨੀਵਰਸਿਟੀ, ਪਟਿਆਲਾ ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਡਿਗਰੀ ਕਰਕੇ ਕੈਨੇਡਾ ਦੀ ਵਿੰਡਸਰ ਯੂਨੀਵਰਸਿਟੀ ਵਿੱਚ ਐਮ.ਟੈੱਕ ਕਰ ਰਿਹਾ ਹੈ ਅਤੇ ਬੇਟੀ ਮੁਸਕਾਨ ਪਲੱਸ 2 ਵਿੱਚ 88% ਅੰਕ ਲੈ ਕੇ ਕੈਨੇਡਾ ਡਾਕਟਰ ਬਨਣ ਚਲੀ ਗਈ ਹੈ।

**ਲੈਫਟੀਨੈਂਟ ਨਵਨੀਤ ਲੁਬਾਣਾ ਦੀ ਪਾਸਿੰਗ ਆਊਟ ਪਰੇਡ :** ਨਵਨੀਤ ਨੂੰ ਪ੍ਰੀ-ਇੰਜੀਨੀਅਰਿੰਗ ਵਿੱਚ 83% ਅੰਕ ਪ੍ਰਾਪਤ ਹੋਣ ਕਰਕੇ ਮੈਰਿਟ ਦੇ ਆਧਾਰ ਤੇ 1996 ਵਿੱਚ ਥਾਪਰ ਇੰਜੀਨੀਅਰਿੰਗ ਕਾਲਜ, ਪਟਿਆਲਾ ਵਿਖੇ ਬੀ.ਈ. (ਸਿਵਲ) ਇੰਜੀਨੀਅਰਿੰਗ ਬ੍ਰਾਂਚ ਵਿੱਚ ਦਾਖਲਾ ਮਿਲ ਗਿਆ। ਇਥੇ ਕਲਾਸ ਵਿੱਚ ਫਸਟ ਰਹਿਣ ਕਰਕੇ ਪਹਿਲੇ ਸਾਲ ਹੀ ਸਕਾਲਰਸ਼ਿਪ ਲਗ ਗਿਆ ਜੋ ਪੜ੍ਹਾਈ ਦੌਰਾਨ ਚਾਰ ਸਾਲ ਮਿਲਦਾ ਰਿਹਾ। ਸਾਲ 2000 ਵਿੱਚ 78% ਅੰਕ (ਆਨਰ) ਨਾਲ ਬੀ.ਈ. (ਸਿਵਲ) ਦੀ ਡਿਗਰੀ ਹਾਸਲ ਕੀਤੀ। ਅਗਲੇ ਸਾਲ ਫੌਜ ਦੀ ਇੱਕ ਇੰਜੀਨੀਅਰਿੰਗ ਰਜਮੈਂਟ ਵਿੱਚ ਕਮਿਸ਼ਨ ਲਈ ਸਿਲੈਕਸ਼ਨ ਹੋ ਗਈ ਅਤੇ 14.09.2001 ਨੂੰ ਟਰੇਨਿੰਗ ਲਈ ਚੇਨਈ ਵਿਖੇ ਜੌਆਇਨ ਕਰ ਲਿਆ। ਲਗਭਗ 6 ਮਹੀਨੇ ਦੀ ਟਰੇਨਿੰਗ ਸੀ। ਟਰੇਨਿੰਗ ਪੂਰੀ ਹੋਣ ਤੇ 02 ਮਾਰਚ 2002 ਨੂੰ ਪਾਸਿੰਗ ਆਊਟ ਪ੍ਰੇਡ ਹੋਣੀ ਸੀ। ਇਸ ਮੌਕੇ ਸਟਾਰ ਲਾਉਣ ਦੀ ਰਸਮ ਲਈ ਮਾਤਾ ਪਿਤਾ ਨੂੰ ਸੱਦਾ ਪੱਤਰ ਭੇਜਿਆ ਗਿਆ। ਜਿਸ ਲਈ ਜਗਤਾਰ, ਸਤਬੀਰ, ਚਿੰਕੂ, ਵਿੱਕੀ, ਬੜੇ ਪਾਪਾ, ਬੜੇ ਮਾਮਾ ਸਮੇਤ ਟਾਮਿਲ ਨੈਡੋ ਐਕਸਪ੍ਰੈਸ ਦੇ ਏ.ਸੀ. ਕੋਚ ਵਿੱਚ ਯਾਤਰਾ ਕਰਕੇ ਸਾਰੇ ਚੇਨਈ ਪਹੁੰਚ ਗਏ। ਏਥੇ ਇਕ ਹੋਟਲ ਵਿੱਚ ਠਹਿਰੇ। ਫੌਜ ਵੱਲੋਂ ਦਿੱਤੇ ਡਿਨਰ ਅਤੇ ਕਲਚਰਲ ਪ੍ਰੋਗਰਾਮ ਵਿੱਚ 28.02.2002 ਨੂੰ ਸ਼ਾਮਿਲ ਹੋਏ। ਪਾਸਿੰਗ ਆਊਟ ਸਮਾਗਮ ਦੇ ਮੁੱਖ ਮਹਿਮਾਨ ਲੈਫ. ਜਨਰਲ ਐਨ.ਸੀ. ਵਿਜ ਵਾਇਸ ਚੀਫ ਆਫ ਆਰਮੀ ਸਟਾਫ ਸਨ। ਨਵਨੀਤ ਨੂੰ ਸਟਾਰ ਸਜਾਉਣ ਦੀ ਰਸਮ (ਪਿਪੰਗ ਸੈਰੀਮਨੀ) ਮੁੱਖ ਮਹਿਮਾਨ, ਜਗਤਾਰ ਸਿੰਘ ਅਤੇ ਸਤਬੀਰ ਨੇ ਮਿਲ ਕੇ ਕੀਤੀ। ਟਰੇਨਿੰਗ ਸਮੇਂ ਕੁਸ਼ਲ ਕਾਰਗੁਜ਼ਾਰੀ ਲਈ ਨਵਨੀਤ ਨੂੰ ਸਿਲਵਰ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਅਤੇ ਉਸ ਦੀ ਧਰਮ ਪਤਨੀ ਨੇ ਸਾਨੂੰ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਸਾਡੇ ਨਾਲ ਕੈਮਰੇ ਸਾਹਮਣੇ ਕਈ ਸਨੈਪ ਖਿਚਵਾਏ। ਦੋ ਦਿਨ ਲਈ ਚੇਨਈ ਸ਼ਹਿਰ ਦੀ ਸੈਰ ਦੌਰਾਨ ਦੋ ਵਾਰੀ ਮੈਰੀਨਾ ਬੀਚ ਤੇ ਵੀ ਗਏ ਅਤੇ ਸਮੁੰਦਰੀ ਲਹਿਰਾਂ ਦਾ ਆਨੰਦ ਮਾਣਿਆ। 19 ਅਤੇ 21 ਮਾਰਚ 2002 ਦੀ ਅਜੀਤ ਅਖਬਾਰ ਵਿੱਚ 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ' ਸਿਰਲੇਖ ਹੇਠ ਨਵਨੀਤ ਬਾਰੇ ਖਬਰਾਂ ਛਪਦੀਆਂ ਰਹੀਆਂ। ਜਲਦੀ ਹੀ ਨਵਨੀਤ ਦੀ ਕੈਪਟਨ ਅਤੇ ਮੇਜਰ ਵਜੋਂ ਪ੍ਰੋਮੋਸ਼ਨ ਹੋ ਗਈ ਅਤੇ ਹੁਣ ਕਰਨਲ ਬਣਨ ਵਾਲੀ ਹੈ। ਕਈ ਥਾਵਾਂ ਤੇ ਕਈ

ਸਾਲਾਂ ਲਈ ਗੈਰੀਜ਼ਨ ਇੰਜੀਨੀਅਰ ਦੇ ਤੌਰ ਤੇ ਸੇਵਾ ਨਿਭਾਉਂਦੇ ਰਹੇ ਹਨ। ਉਸ ਦਾ ਬੇਟਾ ਅਭੈ ਪ੍ਰੋਫੈਸ਼ਨਲ ਸਰਬਾਲਾ ਹੈ ਜੋ ਪਰਿਵਾਰ ਦੇ ਸਾਰੇ ਸ਼ਾਦੀ ਸਮਾਗਮਾਂ ਵਿੱਚ ਲਾੜੇ ਦੇ ਨਾਲ ਘੋੜੀ ਤੇ ਬੈਠਦਾ ਹੈ। ਨਵਨੀਤ ਹੁਣ ਲੈਫਟੀਨੈਂਟ ਕਰਨਲ ਪ੍ਰੋਮੋਟ ਹੋ ਗਈ ਹੈ।

**ਜਸਮੀਨ ਕੌਰ** : ਜਸਮੀਨ ਸ਼ੁਰੂ ਤੋਂ ਸੰਤ ਸਿੰਘ ਸੁੱਖਾ ਸਿੰਘ ਖਾਲਸਾ ਹਾਈ ਸਕੂਲ ਅੰਮ੍ਰਿਤਸਰ ਵਿੱਚ ਪੜ੍ਹਦੇ ਸਮੇਂ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਦੇ ਇਮਤਹਾਨ ਹੀ ਦਿਆ ਕਰਦੀ ਸੀ। ਸਭ ਤੋਂ ਪਹਿਲੇ 2001 ਵਿੱਚ ਅਠਵੀਂ ਕਲਾਸ ਦੇ ਇਮਤਿਹਾਨ ਵਿੱਚ 88% ਅਤੇ ਅਗਲੇ 2003 ਦੇ ਮੈਟਰਿਕ ਦੇ ਇਮਤਿਹਾਨ ਵਿੱਚ 86.5% ਅੰਕ ਲੈ ਕੇ ਉਸ ਨੇ ਸਾਰਿਆਂ ਨੂੰ ਖੁਸ਼ ਕਰ ਦਿੱਤਾ। ਇਸ ਤੋਂ ਬਾਅਦ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਦਾਖਲ ਹੋ ਗਈ। ਜਿੱਥੇ ਬਹੁਤ ਸਾਰੀਆਂ ਟਿਊਸ਼ਨਾਂ ਲਈ ਦੌੜ ਭੱਜ ਕਰਨ ਦੀ ਅਫੜਾ ਤਫੜੀ ਕਾਰਨ 2005 ਵਿੱਚ 10+2 ਵਿੱਚ ਕੇਵਲ 59.4% ਨੰਬਰ ਹੀ ਲੈ ਸਕੀ। ਫਿਰ ਵੀ ਬੀ.ਟੈੱਕ ਲਈ 19.08.2005 ਨੂੰ ਲਵਲੀ ਇੰਸਟੀਚਿਊਟ ਆਫ ਟੈਕਨਾਲੋਜੀ, ਜਲੰਧਰ ਵਿਖੇ ਦਾਖਲਾ ਮਿਲ ਗਿਆ ਅਤੇ 2009 ਵਿੱਚ ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ ਤੋਂ ਇਲੈਕਟਰਾਨਿਕਸ ਐਂਡ ਕਮੂਨੀਕੇਸ਼ਨ ਇੰਜੀਨੀਅਰਿੰਗ ਦੀ ਡਿਗਰੀ 75.5% ਅੰਕਾਂ ਨਾਲ ਪ੍ਰਾਪਤ ਕੀਤੀ। ਪੰਜਾਬ ਸਰਕਾਰ ਦੇ ਫੂਡ ਐਂਡ ਸਪਲਾਈ ਮਹਿਕਮੇ ਵੱਲੋਂ ਆਯੋਜਿਤ ਕੀਤੇ ਗਏ ਇਕ ਮੁਕਾਬਲੇ ਦੇ ਟੈਸਟ ਵਿੱਚ ਬਿਨਾਂ ਕਿਸੇ ਤਿਆਰੀ ਦੇ ਲਏ ਗਏ ਕੇਵਲ ਅੰਕਾਂ 'ਤੇ ਅਧਾਰਿਤ ਸਿਲੈਕਸ਼ਨ ਹੋ ਗਈ ਅਤੇ 19.05.2010 ਨੂੰ ਇੰਸਪੈਕਟਰ ਦੀ ਅਸਾਮੀ ਲਈ ਕਪੂਰਥਲਾ ਵਿਖੇ ਜੌਆਇਨ ਕਰ ਲਿਆ। ਮਿਤੀ 10.02.2013 ਨੂੰ ਉਸ ਦੀ ਸ਼ਾਦੀ ਮਰਚੈਂਟ ਨੇਵੀ ਦੇ ਇੱਕ ਮਕੈਨੀਕਲ ਇੰਜੀਨੀਅਰ ਅਫਸਰ ਰਾਜਬਲਦੀਸ਼ ਸਿੰਘ ਨਾਲ ਹੋ ਗਈ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਮਾਨ ਚੋਪੜਾ ਦਾ ਇੱਕ ਪੜ੍ਹਿਆ ਲਿਖਿਆ ਪਰਿਵਾਰ ਹੈ। ਉਸ ਦੇ ਪਿਤਾ ਸ. ਮਨਜੀਤ ਸਿੰਘ ਡਾਇਟ ਵਿੱਚ ਪ੍ਰੋਫੈਸਰ ਸਨ ਅਤੇ ਦਾਦਾ ਜੀ ਸ. ਅਜੀਤ ਸਿੰਘ ਪੰਜਾਬ ਸਰਕਾਰ ਦੇ ਇੱਕ ਬੜੇ ਸੀਨੀਅਰ 95 ਸਾਲਾ ਸੇਵਾ ਮੁਕਤ ਬਲਾਕ ਵਿਕਾਸ ਅਫਸ ਸਨ। ਜਸਮੀਨ ਹੁਣ ਤੱਕ ਮਰਚੈਂਟ ਸ਼ਿਪ ਵਿੱਚ ਬੈਠ ਕੇ ਕਈ ਦੇਸਾਂ ਦੀ ਸੈਰ ਕਰ ਚੁੱਕੀ ਹੈ। ਕੰਮ ਵਿੱਚ ਨਿਪੁੰਨਤਾ ਕਰਕੇ ਅਤੇ ਸਾਲ ਵਿੱਚ ਛੇ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਛੁੱਟੀ ਤੇ ਰਹਿਣ ਕਰਕੇ ਵਿਭਾਗ ਦੇ ਕਰਮਚਾਰੀ ਅਤੇ ਅਧਿਕਾਰੀ ਜਸਮੀਨ ਤੋਂ ਬਾ-ਖੂਬੀ ਵਾਕਿਫ ਹਨ। ਉਸ ਦੀ 18 ਮਹੀਨੇ ਦੀ ਪਿਆਰੀ ਬੇਟੀ ਐਵਲੀਨ ਨਾਲ ਸਾਰੇ ਖੇਡਦੇ ਰਹਿੰਦੇ ਹਨ।

**ਤੇਜਬੀਰ ਸਿੰਘ** : ਤੇਜਬੀਰ (ਮੋਨੂੰ) ਨੇ ਸਾਲ 2009 ਦੇ ਸੀ.ਬੀ.ਐਸ.ਈ. ਦੇ ਦਸਵੀਂ ਕਲਾਸ ਦੇ ਇਮਤਿਹਾਨ ਵਿੱਚ 82.8% ਅਤੇ 2011 ਦੇ ਪਲੱਸ-2 ਦੇ ਇਮਤਿਹਾਨ ਵਿੱਚ 82.4% ਅੰਕ ਪ੍ਰਾਪਤ ਕੀਤੇ ਜਿਸ ਵਿੱਚ ਗਣਿਤ ਦੇ 96% ਅੰਕ ਵੀ ਸ਼ਾਮਿਲ ਸਨ। ਡੀ.ਏ.ਵੀ ਕਾਲਜ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਜਲੰਧਰ ਵਿਖੇ ਸਿਵਲ ਇੰਜੀਨੀਅਰਿੰਗ ਵਿੱਚ ਦਾਖਲਾ ਲੈ ਲਿਆ। ਉਸੇ ਸਾਲ ਪਲੱਸ-2 ਦੀ ਤਿਆਰੀ ਦੇ ਬਲਬੂਤੇ ਅਤੇ ਦੋ ਹਫਤੇ ਦੀ ਕੋਚਿੰਗ ਨਾਲ ਐਨ.ਡੀ.ਏ. ਏਅਰ ਵਿੰਗ ਵਿੱਚ ਸਿਲੈਕਸ਼ਨ ਹੋ ਗਈ ਅਤੇ 23.12.2011 ਨੂੰ ਖੜਗ ਵਾਸਲਾ ਵਿਖੇ ਟਰੇਨਿੰਗ ਲਈ ਜੌਆਇਨ ਕਰ ਲਿਆ। ਇਹ ਇੱਕ ਬਹੁਤ ਵੱਡੀ ਪ੍ਰਾਪਤੀ ਸੀ ਜਿਸ ਤੇ ਬੜਾ ਮਾਣ ਕੀਤਾ ਜਾ ਸਕਦਾ ਸੀ। ਸਾਰੇ ਬੜੇ ਖੁਸ਼ ਹੋਏ। ਪਰ ਇਹ ਖੁਸ਼ੀ ਜ਼ਿਆਦਾ ਦੇਰ ਨਾ ਰਹਿ ਸਕੀ। ਬਦ-ਨਸੀਬ ਮੋਨੂੰ ਕੇਵਲ 12 ਦਿਨ ਉਥੇ ਰਹਿ ਕੇ ਲੌਟ ਕੇ ਬੁੱਧੂ ਕਪੂਰਥਲਾ ਘਰ ਵਾਪਸ ਆ ਗਿਆ। ਸਰੀਰਕ ਪੀ.ਟੀ. ਦੀ ਸਖਤੀ, ਸਵੇਰੇ ਚਾਰ ਵਜੇ ਜਾਗਣਾ, ਸੀਨੀਅਰਜ਼ ਦੀ ਮਾੜੀ ਮੋਟੀ ਰੈਗਿੰਗ, ਘਰ ਦੀ ਨਰਮ ਨਾਜ਼ਕ ਅਤੇ ਹੱਡ ਹਰਾਮੀ ਜੀਵਨ ਸ਼ੈਲੀ ਵਿੱਚ ਲਾਡਲੇ ਮੋਨੂੰ ਕੋਲੋਂ ਇਹ ਬਰਦਾਸ਼ਤ ਨਾ ਹੋ ਸਕਿਆ ਅਤੇ ਇੱਕ ਹੋਰ ਕੈਡਿਟ ਵਲ ਵੇਖ ਕੇ ਉਸ ਨੇ ਇਹ ਬਚਗਾਨਾਂ ਕਦਮ ਚੁਕਿਆ ਜਿਸ ਤੇ ਉਸ ਨੂੰ ਕੋਈ ਪਛਤਾਵਾ ਨਹੀਂ। ਆਰਮੀ ਸਰਵਿਸ ਕੈਰੀਅਰ ਨਾਲੋਂ ਸਿਵਲ ਸਰਵਿਸ ਨੂੰ ਬਿਹਤਰ ਸਮਝਦਾ ਹੈ। ਤਿੰਨੇ ਪੋਤਿਆਂ ਦੇ ਜੀਵਨ ਅਤੇ ਚੰਗੇ ਭਵਿੱਖ ਲਈ ਉਨ੍ਹਾਂ ਦਾ ਰੱਬ ਰਾਖਾ। **(ਚਲਦਾ)**

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ 'ਗੁਰੂ ਲਾਧੋ ਰੇ' ਦਿਵਸ

## ਸੰਗਤਾਂ ਦੀ ਹਾਜ਼ਰੀ ਪੱਖੋਂ ਪ੍ਰਭਾਵਸ਼ਾਲੀ ਤੇ ਵਿਲੱਖਣ ਰਿਹਾ ਸ਼ਰਧਾ ਦਿਵਸ

**ਸੁਰਿੰਦਰ ਸਿੰਘ ਰੂਬੀ (ਸੰਪਾਦਕ)**

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੀ ਪ੍ਰਬੰਧਕੀ ਕਮੇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫਾਊਂਡੇਸ਼ਨ ਕੰਪਲੈਕਸ ਵਿਚ ਅਤਿ ਸਤਿਕਾਰਯੋਗ ਅਤੇ ਸਿੱਖ ਇਤਿਹਾਸ ਵਿਚ ਵੱਖਰੀ ਅਤੇ ਸਤਿਕਾਰਤ ਹਸਤੀ ਵਜੋਂ ਜਾਣੇ ਜਾਂਦੇ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੀ ਯਾਦ ਨੂੰ ਸਮਰਪਿਤ 'ਗੁਰੂ ਲਾਧੋ ਰੇ' ਦਿਵਸ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਿਤੀ 20 ਅਕਤੂਬਰ 2024 ਦਿਨ ਐਤਵਾਰ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਮਨਾਇਆ ਗਿਆ।

ਗੁਰੂ ਘਰ ਦੇ ਅਨਿਨ ਸਿੱਖ ਧਨਾਢ ਵਿਉਪਾਰੀ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਸਮਾਨ ਨਾਲ ਭਰਿਆ ਬੇੜਾ ਮੁਸ਼ਕਲ ਵਿਚ ਫਸਣ ਤੇ ਸੱਚੇ ਸਿੱਖ ਵਲੋਂ ਗੁਰੂ ਨਾਨਕ ਦੇ ਦਰਬਾਰ ਵਿਚ ਅਰਦਾਸ ਜੋਦੜੀ ਕਰਨ ਤੇ ਬੇੜਾ ਸੁਖੀ ਸਾਂਦੀ ਬੰਨੇ ਲੱਗਣ ਤੇ ਮੰਨੀ ਹੋਈ ਸੁਖਣਾ ਨੂੰ ਪੂਰੀ ਕਰਨ ਖ਼ਾਤਰ ਅੱਠਵੇਂ ਪਾਤਸ਼ਾਹ ਦੇ ਸਨਮੁਖ ਦਿੱਲੀ ਵਿਖੇ ਪਹੁੰਚਣ ਤੇ ਬਾਲਾ ਪ੍ਰੀਤਮ ਜੀ ਦੇ ਜੋਤੀ ਜੋਤ ਸਮਾਉਣ ਅਤੇ ਅਗਲਾ ਗੁਰੂ ਬਕਾਲੇ ਦਾ ਬਚਨ ਕਰਨ ਦਾ ਪਤਾ ਚਲਿਆ ਤਾਂ ਸਿੱਖ ਨੇ ਪਰਿਵਾਰ ਅਤੇ ਨੇੜਲੇ ਸਾਥੀਆਂ ਸਮੇਤ ਬਾਬਾ ਬਕਾਲਾ ਨਗਰ ਲਈ ਚਾਲੇ ਪਾ ਦਿੱਤੇ। ਬਾਬਾ ਬਕਾਲੇ ਦੀ ਧਰਤੀ ਤੇ ਪਹੁੰਚ ਕੇ ਉਸ ਨੇ ਇਕ ਅਜਬ ਨਜ਼ਾਰਾ ਤੱਕਿਆ। ਗੁਰੂ ਘਰ ਨਾਲ ਦੂਰ ਨੇੜੇ ਦੇ ਸਬੰਧ ਰੱਖਣ ਵਾਲੇ ਆਪੋ ਆਪਣੀਆਂ ਮੰਜੀਆਂ ਲਾ ਕੇ ਸੱਚਾ ਗੁਰੂ ਹੋਣ ਦਾ ਦਾਅਵਾ ਠੋਕ ਰਹੇ ਸਨ। ਸੰਗਤਾਂ ਦੀ ਅਥਾਹ ਸ਼ਰਧਾ ਦਾ ਨਜਾਇਜ਼ ਫਾਇਦਾ ਲੈ ਕੇ ਸੰਗਤਾਂ ਵੱਲੋਂ ਸਤਿਕਾਰ ਵਿਚ ਭੇਟ ਕੀਤੀਆਂ ਭੇਟਾਵਾਂ ਨੂੰ ਹੜੱਪ ਰਹੇ ਸਨ। ਗੁਰੂ ਦੇ ਸੱਚੇ ਸਿੱਖ ਨੇ ਨਿਸ਼ਚਾ ਕੀਤਾ ਕੀ ਉਹ ਭੇਖੀਆਂ ਦੇ ਝੂਠ ਤੋਂ ਪਰਦਾ ਉਠਾ ਕੇ ਸੱਚੇ ਗੁਰੂ ਨੂੰ ਪ੍ਰਗਟ ਕਰਕੇ ਰਹੇਗਾ। ਉਸ ਨੇ ਇਕ ਸਕੀਮ ਅਧੀਨ ਸਾਰਿਆਂ ਦਾਅਵੇਦਾਰਾਂ ਦੇ ਅੱਗੇ ਦੋ ਜਾਂ ਪੰਜ ਮੋਹਰਾਂ ਰੱਖ ਕੇ ਮੱਥਾ ਟੇਕਣਾ ਸ਼ੁਰੂ ਕਰ ਦਿੱਤਾ। ਸਭ ਨੇ ਮੋਹਰਾਂ ਦੇਖ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਤੇ ਮੱਖਣ ਸ਼ਾਹ ਨੂੰ ਢੇਰ ਸਾਰੀਆਂ ਅਸੀਸਾਂ ਵੀ ਦਿੱਤੀਆਂ। ਪ੍ਰੰਤੂ ਸਿੱਖ ਦੇ ਮੰਨ ਦੀ ਤਸੱਲੀ ਨਾਂ ਹੋਈ, ਉਸ ਨੂੰ ਇਹਨਾਂ ਵਿਚੋਂ ਕੋਈ ਵੀ ਸੱਚਾ ਗੁਰੂ ਨਹੀਂ ਮਿਲਿਆ। ਪਤਾ ਕਰਨ ਤੇ ਕਿਸੇ ਨੇ ਦੱਸਿਆ ਕਿ ਇਕ ਕੱਚੀ ਕੋਠੜੀ ਵਿਚ ਵੀ ਗੁਰੂ ਘਰ ਨਾਲ ਸਬੰਧਿਤ ਇਕ ਰੱਬ ਦਾ ਨਾਮ ਲੈਣ ਵਾਲਾ ਰਹਿੰਦਾ ਹੈ ਜੋ ਬਾਹਰੀ ਦੁਨੀਆਂ ਤੋਂ ਨਿਰਲੇਪ ਹੈ ਅਤੇ ਕਿਸੇ ਨੂੰ ਮਿਲਦਾ-ਜੁਲਦਾ ਵੀ ਨਹੀਂ। ਸਿੱਖ ਨੇ ਸੋਚਿਆ ਜੋ ਦੁਨਿਆਵੀ ਲਾਲਚਾਂ ਤੋਂ ਨਿਰਲੇਪ ਹੈ ਉਸ ਨੂੰ ਵੀ ਮਿਲ ਲੈਂਦੇ ਹਾਂ। ਮੱਖਣ ਸ਼ਾਹ ਜੀ ਨੇ ਦਰਸ਼ਨ ਕਰਨ ਉਪਰੰਤ ਗੁਰੂ ਜੀ ਅੱਗੇ ਸੋਨੇ ਦੀਆਂ ਪੰਜ ਮੋਹਰਾਂ ਭੇਟ ਕੀਤੀਆਂ ਤਾਂ ਗੁਰੂ ਤੇਗ ਬਹਾਦਰ ਜੀ ਮੰਦ ਮੰਦ ਮੁਸਕਰਾਏ ਅਤੇ ਕਿਹਾ, ਸਿੱਖਾ ਗੁਰੂ ਘਰ ਵਿਚ ਮੋਹਰਾਂ ਜਾਂ ਮਾਇਆ ਦੀ ਕੋਈ ਕਮੀ ਨਹੀਂ ਹੁੰਦੀ, ਪ੍ਰੰਤੂ ਤੁਹਾਡਾ ਵਾਅਦਾ ਤਾਂ ਪੰਜ ਸੋ ਮੋਹਰਾਂ ਦਾ ਸੀ। ਸੁਣਦਿਆਂ ਹੀ ਰੂਹ ਕੰਬ ਗਈ, ਕੰਨਾਂ ਦੇ ਕਪਾਟ ਖੁੱਲ੍ਹ ਗਏ। ਅੰਤਰ ਆਤਮਾ ਸਾਰਸ਼ਾਹ ਹੋ ਗਈ। ਭੱਜ ਕੇ ਕੋਠੜੀ ਦੀ ਛੱਤ ਤੇ ਚੜ੍ਹ ਗਿਆ ਤੇ ਹੋਕਾ ਦਿੱਤਾ 'ਸੱਚਾ ਗੁਰੂ ਲਾਧੋ ਰੇ, ਸੱਚਾ ਗੁਰੂ ਲਾਧੋ ਰੇ।" ਸੰਗਤਾਂ ਇਕੱਠੀਆਂ ਹੋ ਗਈਆਂ, ਸਾਰੀ ਵਿਥਿਆ ਸੁਣਾਈ। ਸੰਗਤਾਂ ਨੇ ਸੱਚੇ ਗੁਰੂ ਨੂੰ ਪ੍ਰਗਟ ਹੋਣ ਤੇ ਸੁਖ ਦਾ ਸਾਹ ਲਿਆ।

ਸਿੱਖ ਧਰਮ ਵਿਚ ਅਜਿਹੇ ਕਾਰਨਾਮੇ ਨੂੰ ਅੰਜਾਮ ਦੇਣ ਵਾਲੇ ਬਾਬਾ ਮੱਖਣ ਸ਼ਾਹ ਲੁਬਾਣੇ ਜੀ ਦੀ ਗੁਰੂ ਘਰ ਪ੍ਰਤੀ ਸ਼ਰਧਾ ਅਤੇ ਇਤਿਹਾਸ ਵਿਚ ਇਸ ਘਟਨਾ ਨੂੰ ਅੰਜ਼ਾਮ ਦੇਣ ਦੇ ਦਿਵਸ ਨੂੰ ਲੁਬਾਣਾ ਬਰਾਦਰੀ ਵੱਲੋਂ ਹਰ ਸਾਲ ਦੇਸ਼-ਵਿਦੇਸ਼ ਵਿਚ ਖਾਸ ਤੌਰ 'ਤੇ ਮਨਾਇਆ ਜਾਂਦਾ ਹੈ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਜੋ ਲੁਬਾਣਾ ਬਰਾਦਰੀ ਦੀ ਇਕ ਚੁਣੀ ਹੋਈ ਸੰਸਥਾ ਹੈ, ਹਰ ਸਾਲ ਇਸ ਦਿਵਸ ਨੂੰ ਬੜੀ ਸ਼ਰਧਾ ਤੇ ਸਤਿਕਾਰ ਨਾਲ ਫਾਊਂਡੇਸ਼ਨ ਕੰਪਲੈਕਸ ਵਿਚ ਮਨਾਉਂਦੀ ਹੈ। ਫਾਊਂਡੇਸ਼ਨ ਵੱਲੋਂ ਇਸ ਸਾਲ ਵੀ 20 ਅਕਤੂਬਰ 2024 ਦਿਨ ਐਤਵਾਰ ਨੂੰ ਕੰਪਲੈਕਸ ਵਿਖੇ ਇਹ ਸਮਾਗਮ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਏ ਗਏ। 18 ਅਕਤੂਬਰ ਨੂੰ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 20 ਅਕਤੂਬਰ ਨੂੰ ਪਾਏ ਗਏ। ਉਪਰੰਤ ਭਾਈ ਸੰਤੋਖ ਸਿੰਘ ਜਥੇ ਨੇ ਕੀਰਤਨ ਅਤੇ ਭਾਈ ਗੁਰਬਖ਼ਸ਼ ਸਿੰਘ ਜੋਧਪੁਰ ਅਤੇ ਭਾਈ ਗੁਰਬਚਨ ਸਿੰਘ ਕਥਾਵਾਚਕ ਨੇ ਗੁਰ ਇਤਿਹਾਸ ਤੇ ਜਾਨਣਾ ਪਾਇਆ। ਇਸ ਤੋਂ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਭਾਈ ਉਂਕਾਰ ਸਿੰਘ ਦੇ ਜਥੇ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਸੰਗਤਾਂ ਦੀ ਹਾਜ਼ਰੀ ਪਿਛਲੇ ਸਾਲਾਂ ਨਾਲੋਂ ਕਾਫੀ ਜ਼ਿਆਦਾ ਸੀ। ਫਾਊਂਡੇਸ਼ਨ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਨੇ ਜਿਥੇ ਬਾਬਾ ਜੀ ਦੇ ਜੀਵਨ ਤੇ ਚਾਨਣਾ ਪਾਇਆ ਉਥੇ ਫਾਊਂਡੇਸ਼ਨ ਵੱਲੋਂ ਬਾਬਾ ਜੀ ਦੇ ਜੀਵਨ ਇਤਿਹਾਸ ਦੀ ਹੋਰ ਪੁਖਤਾ ਜਾਣਕਾਰੀ ਪ੍ਰਾਪਤ ਕਰਨ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰਨ ਦਾ ਪ੍ਰਣ ਲਿਆ ਤਾਂ ਜੋ ਬਾਬਾ ਜੀ ਦੇ ਜਨਮ ਤੇ ਵਪਾਰ ਅਤੇ ਆਖਰੀ ਸਮੇਂ ਬਾਰੇ ਵੱਖ-ਵੱਖ ਜਾਣਕਾਰੀਆਂ ਦੀ ਬਜਾਏ ਇਕੋ ਪੁਖਤਾ ਜਾਣਕਾਰੀ ਤੇ ਮੋਹਰ ਲਗਾਈ ਜਾ ਸਕੇ। ਪ੍ਰਧਾਨ ਜੀ ਨੇ ਸੰਗਤਾਂ ਵੱਲੋਂ ਹੁਮ-ਹੁਮਾ ਕੇ ਪਹੁੰਚਣ ਤੇ ਦਿਲੋਂ ਧੰਨਵਾਦ ਕੀਤਾ। ਪੰਜਾਬ, ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਤੋਂ ਇਲਾਵਾ ਲੋਕਲ ਚੰਡੀਗੜ੍ਹ, ਮੁਹਾਲੀ ਤੇ ਪੰਚਕੂਲਾ ਦੀਆਂ ਸੰਗਤਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਹੋਇਆ ਪ੍ਰਧਾਨ ਭਗਵਾਨ ਸਿੰਘ ਲੁਬਾਣਾ ਨੇ ਸੰਗਤਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਫਾਊਂਡੇਸ਼ਨ ਬਰਾਦਰੀ ਦੀ ਹੈ ਅਤੇ ਬਰਾਦਰੀ ਦੇ ਉਥਾਨ ਲਈ ਹਰ ਹੀਲਾ ਅਤੇ ਕੋਸ਼ਿਸ਼ਾਂ ਕਰਨ ਲਈ ਕੋਈ ਕਸਰ ਬਾਕੀ

ਨਹੀਂ ਛੱਡੇਗੀ। ਉਹਨਾਂ ਦੱਸਿਆ ਕਿ ਬਰਾਦਰੀ ਨਾਲ ਸਬੰਧਿਤ ਕੋਈ ਵੀ ਬੱਚਾ ਜੇ ਆਪਣੀ ਉਚੇਰੀ ਵਿਦਿਆ ਵਿਚ ਅੱਗੇ ਜਾਣਾ ਚਾਹੁੰਦਾ ਹੈ ਤਾਂ ਸੰਗਤਾਂ ਰਾਹੀਂ ਫਾਊਂਡੇਸ਼ਨ ਪ੍ਰਬੰਧਕਾਂ ਨਾਲ ਸੰਪਰਕ ਕਰਨ ਤੇ ਫਾਊਂਡੇਸ਼ਨ ਵੱਲੋਂ ਅਜਿਹੇ ਬੱਚਿਆਂ ਦੀ ਆਰਥਿਕ ਮੱਦਦ ਕੀਤੀ ਜਾਵੇਗੀ।

ਸਮਾਗਮ ਨੂੰ ਸੀਨੀਅਰ ਮੀਤ ਪ੍ਰਧਾਨ ਗੁਲਸ਼ਨ ਕੁਮਾਰ ਸਿੰਘ, ਕਾਰਜਕਾਰਨੀ ਅਤੇ ਵਰਕਿੰਗ ਕਮੇਟੀ ਮੈਂਬਰ ਸ. ਪੀ.ਪੀ. ਸਿੰਘ ਸਾਬਕਾ ਪੀ.ਸੀ.ਐਸ., ਹਰਿਆਣਾ ਤੋਂ ਸ. ਕੁਲਦੀਪ ਸਿੰਘ ਚੇਅਰਮੈਨ, ਸ. ਮੱਖਣ ਸਿੰਘ ਅੰਬਾਲਾ ਨੇ ਵੀ ਸੰਬੋਧਨ ਕੀਤਾ। ਸ. ਹਰਮਨਪ੍ਰੀਤ ਸਿੰਘ ਜਨਰਲ ਸਕੱਤਰ, ਸੂਬੇਦਾਰ ਜਸਪਾਲ ਸਿੰਘ, ਨਿਰਮਲ ਸਿੰਘ ਇੰਸਪੈਕਟਰ ਪ੍ਰਬੰਧਕੀ ਸਕੱਤਰ ਨੇ ਪ੍ਰੋਗਰਾਮ ਦੇ ਪ੍ਰਬੰਧਾਂ ਵਿਚ ਵਿਸ਼ੇਸ਼ ਯੋਗਦਾਨ ਦਿੱਤਾ। ਹਾਜ਼ਰ ਹੋਏ ਸੱਜਣਾਂ ਵਿਚ ਸੁਰਿੰਦਰ ਸਿੰਘ ਰੂਬੀ ਸੰਪਾਦਕ ਲੁਬਾਣਾ ਸੇਵਕ, ਸ. ਹਰਚਰਨ ਸਿੰਘ ਸੇਵਾ ਮੁਕਤ ਪੀ.ਸੀ.ਐਸ., ਸ. ਸੁਰਜੀਤ ਸਿੰਘ ਵਿੱਤ ਸਕੱਤਰ, ਪ੍ਰੀਤਮ ਸਿੰਘ ਨੋਰੰਗਪੁਰ ਸਾਬਕਾ ਪ੍ਰਧਾਨ, ਐਡਵੋਕੇਟ ਨਰਿੰਦਰ ਪਾਲ ਸਿੰਘ, ਕਰਨਲ ਗੁਰਦੀਪ ਸਿੰਘ, ਸ. ਸੁਖਵੰਤ ਸਿੰਘ, ਸ. ਬਲਜੀਤ ਸਿੰਘ ਭਗਤਾਨਾ, ਸੁਖਚੈਣ ਸਿੰਘ ਸਾਬਕਾ ਪ੍ਰਧਾਨ ਬਮਸ਼ ਲੁਬਾਣਾ ਵਿਚਾਰ ਮੰਚ ਪਿਹੋਵਾ, ਰਣਜੀਤ ਸਿੰਘ ਰਿਜ਼ਨਲ ਪ੍ਰੈਜੀਡੈਂਟ ਹਰਿਆਣਾ, ਐਡਵੋਕੇਟ ਵਿਕਰਮ ਸਿੰਘ ਮੁਲਤਾਨੀ, ਐਡਵੋਕੇਟ ਜਸਵੀਰ ਸਿੰਘ ਪਿਹੋਵਾ, ਕੁਲਵੰਤ ਸਿੰਘ ਸਰਪੰਚ ਭੂਨਾ, ਅਮਰੀਕ ਸਿੰਘ ਸਰਪੰਚ ਕਲਸਾ, ਲਖਵਿੰਦਰ ਸਿੰਘ ਸਰਪੰਚ ਗਲੇਡਵਾ, ਪ੍ਰਦੀਪ ਸਿੰਘ ਸਰਪੰਚ ਝਮਰੇੜੀ, ਹਰੀ ਸਿੰਘ ਮੀਤ ਪ੍ਰਧਾਨ ਹਰਿਆਣਾ, ਹਰਜਿੰਦਰ ਸਿੰਘ ਬਰਾੜ, ਰਜਿੰਦਰ ਸਿੰਘ ਮੈਂਬਰ ਐਸ.ਜੀ.ਪੀ.ਸੀ., ਬਲਕਾਰ ਸਿੰਘ ਸਰਪੰਚ ਜਗੋਲੀ, ਰਵਿੰਦਰ ਸਿੰਘ, ਕਸ਼ਮੀਰ ਸਿੰਘ ਜੁਰਾਸੀ, ਜਗਤਾਰ ਸਿੰਘ ਜਨਰਲ ਸਕੱਤਰ, ਬਲਵਿੰਦਰ ਸਿੰਘ ਕਾਕਾ ਸਾਬਕਾ ਬਲਾਕ ਸੰਮਤੀ ਮੈਂਬਰ, ਨੰਬਰਦਾਰ ਜਸਵਿੰਦਰ ਸਿੰਘ ਗਲੇਡਵਾ, ਪਰਮਜੀਤ ਸਿੰਘ ਸਾਬਕਾ ਸਰਪੰਚ ਗਲੇਡਵਾ, ਗੁਰਮੀਤ ਸਿੰਘ ਸਾਬਕਾ ਸਰਪੰਚ ਕਲਸਾ ਸੰਗਤ ਸਮੇਤ ਹਾਜ਼ਰ ਸਨ। ਸ. ਬਲਦੇਵ ਸਿੰਘ ਮੁੰਦਰ ਮੈਂਬਰ ਕਾਰਜਕਾਰੀ ਅਤੇ ਵਰਕਿੰਗ ਕਮੇਟੀ ਨੇ ਸਟੇਜ਼ ਸਕੱਤਰ ਦੀ ਸੇਵਾ ਬਾਖੂਬੀ ਨਿਭਾਈ।

# ਮਿਤੀ 17-10-2024 ਨੂੰ ਬਮਸ਼ਲ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ







# ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਤੇ ਦੀਪਮਾਲਾ ਦਾ ਇਤਿਹਾਸਕ ਪਿਛੋਕੜ

ਪ੍ਰਿੰ. ਸਤਿਬੀਰ ਸਿੰਘ (ਗੁਰਪੁਰਵਾਸੀ)



ਜਹਾਂਗੀਰ ਨੂੰ ਇਕ ਅੱਖ ਨਹੀਂ ਭਾਉਂਦਾ ਸੀ ਕਿ ਸ੍ਰੀ ਅਕਾਲ ਤਖ਼ਤ ਦੀ ਸਾਜਨਾ ਗੁਰੂ ਹਰਿਗੋਬਿੰਦ ਜੀ ਨੇ ਕਿਉਂ ਕੀਤੀ ਹੈ, ਦੋ ਤਲਵਾਰਾਂ ਕਿਉਂ ਧਾਰਨ ਕੀਤੀਆਂ ਹਨ, ਅੰਮ੍ਰਿਤਸਰ ਦੀ ਪਨਾਹ ਕਿਉਂ ਬਣਵਾਈ, ਲੋਹਗੜ੍ਹ ਕਿਉਂ ਸਿਰਜਿਆ ਅਤੇ ਤਖ਼ਤ ਤੇ ਬੈਠਣ ਵੇਲੇ ਇਹ ਹੁਕਮ ਕਿਉਂ ਜਾਰੀ ਕੀਤੇ ਕਿ – 'ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜੁਆਨੀ ਹੈ।'

ਪਹਿਲਾਂ ਆਦਰ ਨਾਲ ਆਗਰੇ ਬੁਲਾਇਆ ਅਤੇ ਫਿਰ ਆਗਰੇ ਪੁੱਜਣ 'ਤੇ ਹੀ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦੇ ਕੇ ਗਵਾਲੀਅਰ ਬੰਦੀ ਬਣਾ ਦਿੱਤਾ ਗਿਆ। ਗਵਾਲੀਅਰ–ਕਿਲ੍ਹਾ, ਕਿਲ੍ਹਾ ਨਾ ਹੋ ਕੇ ਇਕ ਐਸੀ ਕੈਦ ਦੀ ਕੋਠੜੀ ਸੀ ਜਿੱਥੋਂ ਕੋਈ ਵਿਰਲਾ ਹੀ ਬਚ ਨਿਕਲਿਆ ਸੀ। ਪਹਿਲਾਂ ਗੁਰੂ ਜੀ ਨੂੰ ਜ਼ਹਿਰ ਭਰਿਆ ਚੋਲਾ ਪਹਿਨਾਉਣ ਦੀ ਕੋਸ਼ਿਸ਼ ਹੋਈ ਪਰ ਹਰਿਦਾਸ ਦਰੋਗਾ ਖਰੀਦਿਆ ਨਾ ਜਾ ਸਕਿਆ। ਹਰਿਦਾਸ ਨੇ ਸਗੋਂ ਗੁਰੂ ਜੀ ਨੂੰ ਸਾਰੀ ਗੱਲ ਦੱਸ ਦਿੱਤੀ ਕਿ ਬੜਾ ਮਾਰੂ ਹੱਲਾ ਦੋਖੀ ਕਰਨਾ ਚਾਹੁੰਦੇ ਹਨ। ਇਹ ਵੀ ਦਰੋਗੇ ਨੇ ਹੀ ਦੱਸਿਆ ਕਿ ਏਥੇ ਖਾਣੇ ਵਿਚ ਮਿੱਠਾ ਜ਼ਹਿਰ ਦਿੱਤਾ ਜਾਂਦਾ ਹੈ ਜਿਸ ਦੇ ਸੇਵਨ ਨਾਲ ਬੰਦਾ ਚੁੜ–ਚੁੜ ਕੇ ਮਰਦਾ ਹੈ। ਗੁਰੂ ਜੀ ਨੇ ਨਿਰਣਾ ਲੈ ਲਿਆ ਕਿ ਜੇਲ੍ਹ ਦਾ ਖਾਣਾ, ਖਾਣਾ ਹੀ ਨਹੀਂ। ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਅੱਠਵੇਂ ਅਧਿਆਏ ਅਨੁਸਾਰ –

**ਸ੍ਰੀ ਮੁਖ ਕਹਾ ਕਿਰਤਿ ਕਰਿ ਲਯਾਵੋ**
**ਸੋ ਭੋਜਨ ਹਮ ਕੌ ਕਰਵਾਵੋ ॥੪੮੫॥**

ਇਕ ਠਠਿਆਰ ਜੋ ਕਿ ਕਿਰਤ ਕਰਕੇ ਕਮਾਉਂਦਾ ਸੀ, ਉਸ ਦੀ ਕਮਾਈ ਨਾਲ ਤਿਆਰ ਕੀਤਾ ਪ੍ਰਸ਼ਾਦ ਗੁਰੂ ਜੀ ਖਾਂਦੇ –

**'ਜੋ ਕਿਛੁ ਰੋਜ਼ ਕਿਰਤਿ ਕਰਿ ਲਯਾਵੋ।**
**ਆਇ ਦਿਵਸੁ ਪ੍ਰਸਾਦਿ ਕਰਾਵੈ।...੪੮੮॥**

ਜੋ ਰੋਜ਼ਾਨਾ ਦਾ ਪੰਜ ਸੌ ਰੁਪਿਆ ਗੁਰੂ ਜੀ ਨੂੰ ਮਿਲਦਾ ਸੀ ਉਹ ਰਾਜਿਆਂ ਨੂੰ ਹੀ ਵੰਡ ਦਿੰਦੇ ਸਨ –

**ਰੁਪਯਾ ਪੰਜ ਸੈ ਸ਼ਾਹ ਪਠਾਵੈ।**
**ਸ੍ਰੀ ਗੁਰੂ ਭੋਜਨੁ ਤਿਹ ਕਰਾਵੈ ॥੪੮੩॥**

**ਦੋਹਰਾ -**

**ਬੰਦੀਖਾਨੇ ਜੋ ਪਰੇ ਤਿਨ ਕੋ ਦੇਤ ਖਵਾਇ।**
**ਅੰਗੀਕਾਰ ਨ ਗੁਰ ਕਰੈਂ ਐਸੇ ਨਿੱਤ ਕਰਾਇ ॥੪੮੪॥**

ਗੁਰੂ ਮਹਾਰਾਜ ਦੀ ਗ੍ਰਿਫਤਾਰੀ ਸੁਣ ਕੇ ਸੰਗਤਾਂ ਵਿਆਕੁਲ ਹੋਣ ਲੱਗ ਪਈਆਂ। ਬਾਬਾ ਬੁੱਢਾ ਜੀ ਨੇ ਅਕਾਲ ਤਖ਼ਤ ਤੋਂ ਚੌਂਕੀ ਕੱਢਣ ਦੀ ਪਿਰਤ ਪਾਈ। ਕ੍ਰਿਪਾਨਾਂ ਧਾਰ ਤੇ ਮਸ਼ਾਲਾਂ ਹੱਥ ਲੈ, ਸੰਗਤਾਂ ਸ਼ਬਦ ਪੜ੍ਹਦੀਆਂ ਦਰਬਾਰ ਸਾਹਿਬ ਦੀ ਪ੍ਰਕਰਮਾਂ ਕਰਦੀਆਂ। ਸ੍ਰੀ ਦਰਬਾਰ ਸਾਹਿਬ ਦੀ

ਅੰਦਰਲੀ ਦਹਲੀਜ਼ ਤੋਂ ਬਾਹਰੋਂ ਹੀ ਮੁੜ ਜਾਂਦੀਆਂ। ਇਹ ਦਰਸਾਉਣ ਲਈ ਕਿ ਗੁਰੂ-ਪਾਤਸ਼ਾਹ ਦੇ ਦਰਸ਼ਨ ਨਾ ਹੋਣ ਕਾਰਨ ਵਿਆਕੁਲ ਹੋਏ ਹਾਂ। ਜਦ ਗੁਰੂ ਹਰਿਗੋਬਿੰਦ ਜੀ ਵਾਪਸ ਸ੍ਰੀ ਦਰਬਾਰ ਸਾਹਿਬ ਮੁੜੇ ਤਾਂ ਇਸ ਮਰਿਯਾਦਾ ਨੂੰ ਕਾਇਮ ਰੱਖਿਆ ਗਿਆ। ਅੱਜ ਵੀ ਜਦ ਚੌਕੀ ਅੰਦਰਲੀ ਦਹਿਲੀਜ਼ 'ਤੇ ਪੁੱਜਦੀ ਹੈ ਤਾਂ ਬਾਬਾ ਬੁੱਢਾ ਜੀ ਅਤੇ ਚੌਕੀ ਸਾਹਿਬ ਦੇ ਆਦਰ ਵਜੋਂ ਦਰਬਾਰ ਸਾਹਿਬ ਲਈ ਕੀਰਤਨ ਕੁਝ ਮਿੰਟ ਰੋਕ ਦਿੱਤਾ ਜਾਂਦਾ ਹੈ। ਮਹਾਰਾਜ ਨੇ ਇਹ ਬਚਨ ਵੀ ਕੀਤਾ ਸੀ ਜੋ ਇਕ-ਮਨ-ਚਿੱਤ ਸ਼ਬਦ ਪੜ੍ਹੇਗਾ ਉਸਨੂੰ ਇਸ ਚੌਕੀ ਵਿਚੋਂ ਮੇਰੇ ਹੀ ਦੀਦਾਰ ਹੋਣਗੇ! ਇਹ ਚੌਕੀਆਂ ਝੰਡੇ ਬੁੰਗੇ ਜੁਗੋ ਜੁਗ ਅਟੱਲ ਅਰਦਾਸ ਦਾ ਹਿੱਸਾ ਬਣ ਗਈਆਂ। ਪੰਜਾਬ ਵਿਚੋਂ ਕਈ ਥਾਵਾਂ ਨਗਰਾਂ ਤੋਂ ਹੋ ਕੇ ਚੌਕੀਆਂ ਗਵਾਲੀਅਰ ਪੁੱਜਦੀਆਂ। ਕਿਲ੍ਹੇ ਦੀ ਪ੍ਰਕਰਮਾਂ ਕਰਕੇ ਮੁੜਦੀਆਂ। ਭਾਈ ਜੇਠਾ ਜੀ ਰਾਤ ਆਗਰੇ ਦੇ ਕਿਲ੍ਹੇ ਜਾ ਕੇ ਸ਼ੇਰ ਦਾ ਰੂਪ ਧਾਰ ਕੇ ਜਹਾਂਗੀਰ ਨੂੰ ਡਰਾ ਤਕ ਆਏ ਸਨ। ਜਹਾਂਗੀਰ ਇਤਨਾ ਘਬਰਾਇਆ ਕਿ ਹਕੀਮਾਂ ਕੋਲੋਂ ਉਪਾਅ ਪੁੱਛੇ। ਵਜ਼ੀਰ ਖਾਨ ਤੇ ਮੀਆਂ ਮੀਰ ਨੇ ਜਾ ਸਮਝਾਇਆ ਕਿ ਅੱਗੇ ਗੁਰੂ ਅਰਜਨ-ਸਾਹਿਬ ਨੂੰ ਸ਼ਹੀਦ ਕਰ ਕੇ ਕਹਿਰ ਕਮਾਇਆ ਈ, ਹੁਣ ਗੁਰੂ ਹਰਿਗੋਬਿੰਦ ਜੀ ਨੂੰ ਬੰਦੀ ਵਿਚ ਰੱਖ ਕੇ ਨਾ ਕਮਾ –

**ਸ੍ਰੀ ਗੁਰੂ ਰੂਪ ਅਲਾਹੀ ਜਾਨ।...੫੨੧॥**

ਨੂਰ ਜਹਾਨ ਨੇ ਵੀ ਸਮਝਾਇਆ ਕਿ ਸਾਈਂ ਦੀ ਜ਼ਾਤ ਸਾਈਂ ਜੈਸੀ ਹੀ ਹੁੰਦੀ ਹੈ। ਜਹਾਂਗੀਰ ਨੇ ਇਕ ਮਨਸਬਦਾਰ ਰਾਹੀਂ ਰਿਹਾਈ ਦਾ ਹੁਕਮ ਭੇਜਿਆ। ਵਜ਼ੀਰ ਖ਼ਾਨ ਆਪੂੰ ਵੀ ਆਇਆ ਪਰ ਗੁਰੂ ਮਹਾਰਾਜ ਨੇ ਕਿਹਾ, ਸਾਡਾ ਮਨ ਇੱਥੇ ਵੀ ਪ੍ਰਭੂ ਨਾਲ ਹੀ ਲੱਗਾ ਹੋਇਆ ਹੈ :

**'ਕਹਾ ਗੁਰੂ ਮਨ ਲਾਗ ਅਭੇਵਾ।'**

ਪਰ ਇਤਨਾ ਜਹਾਂਗੀਰ ਨੂੰ ਆਖ ਦਿਓ ਕਿ ਅਸੀਂ ਤਦ ਹੀ ਰਿਹਾ ਹੋਵਾਂਗੇ ਜਦ ਬਾਕੀ ਬੇਦੋਸ਼ ਬੰਦੀ ਰਾਜੇ ਸਾਡੇ ਨਾਲ ਹੀ ਰਿਹਾ ਕੀਤੇ ਜਾਣਗੇ–

**ਸੁਨੋ ਵਜ਼ੀਰ ਤਬੈ ਹੌਂ ਜਾਵੌਂ।**
**ਜੋ ਬਾਂਧੇ ਸਭਿ ਜੀਵ ਛੁਡਾਵੌਂ।।੫੩੪॥**

**ਦੋਹਰਾ -**

**ਬੰਦੀ ਨ੍ਰਿਪ ਜੇਤੇ ਪਰੇ ਸਭ ਕੋ ਪ੍ਰਥਮ ਛਡਾਇ।**
**ਕਹੋ ਬਾਤ ਇਮ ਸ਼ਾਹ ਸੌਂ ਤੌਂ ਤੁਮਰੇ ਪਹਿ ਆਇ।।੫੩੫॥**

ਵਜ਼ੀਰ ਖਾਨ ਬਾਦਸ਼ਾਹ ਜਹਾਂਗੀਰ ਪਾਸ ਮੁੜ ਆਇਆ ਤੇ ਗਵਾਲੀਅਰ ਵਿਖੇ ਗੁਰੂ ਜੀ ਨਾਲ ਹੋਈ ਸਾਰੀ ਗੱਲ ਦੱਸੀ ਤਾਂ ਜਹਾਂਗੀਰ ਨੇ ਕਿਹਾ – ਸਾਰਿਆਂ ਨੂੰ ਛੱਡ ਦਿਓ ਪਰ ਗੁਰੂ ਜੀ ਦੀ ਮੇਰੇ ਨਾਲ ਮੁਲਾਕਾਤ ਜ਼ਰੂਰ ਕਰਾਵੋ –

**ਖਾਂ ਵਜ਼ੀਰ ਕੋ ਸ਼ਾਹ ਅਲਾਇ।**
**ਛੋਰ ਬੰਦਿ ਸਭਿ ਪੀਰ ਲਿਆਇ।।੫੪੦॥**

ਕਈ ਸਾਲਾਂ ਤੋਂ ਬੰਦੀ ਵਿਚ ਦੁੱਖ ਪਾਉਂਦੇ ਰਾਜੇ ਗੁਰੂ ਜੀ ਦਾ ਪੱਲਾ ਪਕੜ ਕੇ ਰਿਹਾ ਹੋਏ। ਗੁਰੂ ਜਿਹਾ ਕੌਣ ਪਰਉਪਕਾਰੀ ਹੈ ਜਿਸ ਉਤਨਾ ਚਿਰ ਰਿਹਾ ਹੋਣਾ ਨਾ ਮੰਨਿਆ ਜਦ ਤਕ ਬੰਦੀ ਰਾਜੇ ਰਿਹਾ ਨਾ ਹੋਏ!

**ਬਹੁ ਬਰਸਨ ਕੋ ਨ੍ਰਿਪ ਬੰਦਿ ਪਰੇ ਤਨ**
**ਛੀਨ ਮਲੀਨ ਮਹਾਂ ਸ਼੍ਰਮੁ ਧਾਰੇ।**
**ਗੁਰ ਕੇ ਪਦ ਪੰਕਜ ਦੇਖਤ ਹੀ ਅਘ**
**ਓਘ ਸਭੀ ਨਰ ਕੇ ਕਟਿ ਡਾਰੇ।**
**ਸਿੰਧੁਜਰਾ ਜਸੁ ਬੰਧ ਲੀਏ ਨ੍ਰਿਪ**
**ਰਾਮ ਕੇ ਭ੍ਰਾਤ ਸੁ ਕੀਨ ਉਧਾਰੇ।**
**ਤੈਸੇ ਗੁਰੂ ਨ੍ਰਿਪ ਛੋਰ ਦੀਏ ਗੁਰ ਕੇ**
**ਸਮ ਕੌਨੁ ਕਰੇ ਉਪਕਾਰੇ।।੫੪੬॥**

ਜਦ ਜਹਾਂਗੀਰ ਤੇ ਗੁਰੂ ਹਰਿਗੋਬਿੰਦ ਜੀ ਮਿਲੇ ਤਾਂ ਗੁਰੂ ਜੀ ਪਾਸ ਮਾਲਾ ਦੇਖ ਤੇ ਜਹਾਂਗੀਰ ਦੋਸਤੀ ਜਤਲਾਉਣ ਲਈ ਕਹਿਣ ਲੱਗਾ ਕਿ ਆਪਣੀ ਮਾਲਾ ਦਾ ਇਕ ਮਣਕਾ ਮੈਨੂੰ ਦਿਓ ਤਾਂ ਕਿ ਤਸਬੀ ਵਿਚ ਲਗਾ ਕੇ ਫੇਰਾਂ! ਮਹਾਰਾਜ ਨੇ ਕਿਹਾ – ਜਦ ਗੁਰੂ ਅਰਜਨ ਸਾਹਿਬ ਜੀ ਸ਼ਹੀਦ ਹੋਏ ਉਨ੍ਹਾਂ ਪਾਸ ਵੀ ਅਜਿਹੀ ਇਕ ਮਾਲਾ ਸੀ, ਚੰਦੂ ਨੇ ਪਾਸ ਹੀ ਰੱਖ ਲਈ ਹੋਵੇਗੀ!

ਜਹਾਂਗੀਰ ਨੇ ਕਿਹਾ ਕਿ ਮੈਨੂੰ ਬੜੀ ਗਲਤਫਹਿਮੀ ਪਾਈ ਗਈ। ਗੁਰੂ ਹਰਿਗੋਬਿੰਦ ਜੀ ਨੇ ਕਿਹਾ ਜੋ ਤੂੰ ਕੀਤਾ ਹੈ ਇਸ ਦਾ ਹਿਸਾਬ ਹੁਣ ਇਥੇ ਨਹੀਂ, ਦਰਗਾਹ ਹੀ ਹੋਵੇਗਾ! ਹੁਣ ਦੁਹਰਾਉਣ ਦੀ ਲੋੜ ਨਹੀਂ। ਚੁੱਪੀ ਵਿਚ ਹੀ ਭਲਾ ਹੈ –

**ਹਮਰਾ ਤੁਮ ਦਰਗਾਹੇ ਲੇਖਾ।**
**ਯਜ਼ਦਾ ਕਰੇ ਚਰਿਤ ਜਹ ਦੇਖਾ।**
**ਇਹਾ ਕਛੂ ਹਮ ਤੋਹਿ ਨ ਕਹੌਂ।**
**ਬੋਲਤ ਕਾਹਿ ਮੋਨਿ ਹ੍ਵੈ ਰਹੌ।।੫੬੯॥**

ਆਪਣੇ ਆਪ ਨੂੰ ਨਿਰਦੋਸ਼ ਦਰਸਾਉਣ ਲਈ ਚੰਦੂ ਨੂੰ ਜਹਾਂਗੀਰ ਨੇ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਚੰਦੂ ਦਾ ਬੇਟਾ ਤੇ ਇਸਤਰੀ ਵੀ ਗੁਰੂ ਜੀ ਦੇ ਹਵਾਲੇ ਕੀਤੇ। ਪਰ ਖਿਮਾ-ਦਾਤਾ ਅਤੇ ਸਾਡੇ ਲਈ ਪੂਰਨੇ ਪਾਉਣ ਵਾਲੇ ਗੁਰੂ-ਪਾਤਸ਼ਾਹ ਨੇ ਕਿਹਾ ਕਿ ਇਨ੍ਹਾਂ ਨੂੰ ਛੱਡ ਦਿਓ, ਇਨ੍ਹਾਂ ਦਾ ਕੀ ਕਸੂਰ ਹੈ?

**ਸ੍ਰੀ ਗੁਰ ਕਹਾ ਇਨੈ ਛੱਡ ਦੀਜੈ।**
**ਇਨ ਕੈ ਵਸਿ ਨਹਿ, ਜੋ ਗਹਿ ਲੀਜੈ।।੫੯੫॥**

ਬਿਧੀ ਚੰਦ ਨੇ ਕਿਹਾ – ਮਹਾਰਾਜ! ਪਾਪੀ ਦੇ ਬੱਚੇ ਦਾ ਵੀ ਜਣ ਬੱਚਾ ਘਾਣ ਕਰ ਦੇਣਾ ਚਾਹੀਦਾ ਹੈ ਪਰ ਗੁਰੂ ਜੀ ਨੇ ਕਿਹਾ – ਨਹੀਂ ਬਿਧੀ ਚੰਦ! ਸੂਰਮਾ ਕਦੀ ਔਰਤ ਅਤੇ ਨਿਹੱਥੇ 'ਤੇ ਹੱਥ ਨਹੀਂ ਉਠਾਉਂਦਾ। ਵੈਰੀ ਨੂੰ ਜੰਗ ਵਿਚ ਹੀ ਮਾਰਨਾ ਫੱਬਦਾ ਹੈ। ਗੁਰ ਬਿਲਾਸ ਨੇ ਇਸ ਵਾਕ ਨੂੰ ਉਚੇਚਾ 'ਸ੍ਰੀ ਗੁਰੋ ਵਾਚ' ਕਹਿ ਕੇ ਦਰਜ ਕੀਤਾ ਹੈ। ਵਾਕ ਹੈ :

**ਜੇ ਸੂਰੇ ਬਲ ਭਾਰ ਧਰਾਵੈ।**
**ਨਾਰੀ ਪਰਿ ਨਹਿ ਵਾਰ ਕਰਾਵੈ।।...੬੧੧॥**

ਬੰਦੀ ਰਾਜਿਆਂ ਜਿਨ੍ਹਾਂ ਨੂੰ ਗੁਰੂ ਜੀ ਨੇ ਗਵਾਲੀਅਰ ਵਿਚੋਂ ਰਿਹਾ ਕਰਵਾਇਆ, ਦੀ ਗਿਣਤੀ 'ਗੁਰਬਿਲਾਸ' ਮੁਤਬਿਕ ਦੋ ਸੌ ਦਸ (੨੧੦) ਸੀ। ਉਨ੍ਹਾਂ ਦੇ ਰਾਜ ਵੀ ਮੁੜਵਾ ਦਿੱਤੇ। ਗੁਰੂ ਮਹਾਰਾਜ ਨੇ ਸਭ ਰਾਜਿਆਂ ਨੂੰ ਕਿਹਾ ਕਿ ਸਭ ਦੁੱਖ ਵਾਹਿਗੁਰੂ ਨੂੰ ਵਿਸਾਰਿਆਂ ਹੀ ਆਉਂਦੇ ਹਨ। ਕਦੇ ਵਾਹਿਗੁਰੂ ਨੂੰ ਨਾ ਭੁਲਾਉਣਾ ਤੇ ਹੁਣ ਬਾਦਸ਼ਾਹ ਨਾਲ ਬਣਾਈ ਰੱਖਣਾ। ਬਗ਼ਾਵਤ ਦੀ ਨਹੀਂ ਸੋਚਣੀ। ਮਿੱਤਰਤਾ ਜਦ ਹੋ ਜਾਏ, ਫਿਰ ਅੰਤਰ ਨਹੀਂ ਰੱਖਣਾ ਚਾਹੀਦਾ–

**ਸਤਿਨਾਮ ਰਿਦੈ ਮੋ ਧਰੋ**
**ਆਗਯਾ ਸ਼ਾਹ ਕਰਾਇ।।੬੦੧॥**

ਵਾਪਸੀ 'ਤੇ ਦਿੱਲੀ ਵਿਖੇ ਫਿਰ ਮਜਨੂੰ ਟਿੱਲੇ ਹੀ ਟਿਕਾਣਾ ਕੀਤਾ। ਸੰਗਤਾਂ ਦਰਸ਼ਨ ਕਰ, ਨਿਹਾਲ ਹੋਈਆਂ। ਮਜਨੂੰ ਨੂੰ ਧੀਰਜ ਦਿੱਤਾ।

ਚੰਦੂ ਪਕੜਿਆ ਨਾਲ ਹੀ ਆ ਰਿਹਾ ਸੀ। ਉਸ ਨੂੰ ਹਰ ਕੋਈ ਲਾਹਨਤ ਪਾਉਂਦਾ ਤੇ ਜੁੱਤੀਆਂ ਵੀ ਮਾਰਦਾ।

ਗੁਰੂ ਜੀ ਦੇ ਆਚਰਣ ਦੀ ਧਾਂਕ ਵੀ ਜਹਾਂਗੀਰ 'ਤੇ ਪਈ। ਨੂਰ ਜਹਾਨ ਦਾ ਚਿਹਰਾ ਚੰਨ ਵਾਂਗੂੰ ਚਮਕਦਾ ਸੀ। ਸ਼ਿੰਗਾਰ ਵੀ ਕੀਤੇ ਹੋਏ ਸਨ ਪਰ ਗੁਰੂ ਜੀ ਦੇ ਕ੍ਰੋੜਾਂ ਸੂਰਜ ਵਰਗੇ ਪ੍ਰਕਾਸ਼ ਸਾਹਮਣੇ ਚੰਨ ਵਿਚਾਰੇ ਦੀ ਹੋਂਦ ਕੀ ਕਰ ਸਕਦੀ ਸੀ? ਨੂਰ ਜਹਾਨ ਦੇ ਪੈਰੀਂ ਝਾਂਜਰ ਦੀ ਆਵਾਜ਼ ਤੇ ਕੀਤੇ ਸ਼ਿੰਗਾਰ ਨੂੰ ਦੇਖ ਮਹਾਰਾਜ ਨੇ ਕਿਹਾ–

ਬੇਟੀ ! ਜੇ ਸਦਾ ਕਾਇਮ ਰਹਿਣ ਵਾਲੇ ਅਲਾਹ ਦੀ ਯਾਦ ਨਾ ਵਿਸਰਨ ਵਾਲਾ ਸ਼ਿੰਗਾਰ ਕਰ ਲਵੇਂ ਤਾਂ ਖੁਦਾ ਨੂੰ ਪਾ ਲਵੇ !

**ਐਸੋ ਸਾਚ ਸ਼ਿੰਗਾਰ ਕਰਿ ਪੁਤ੍ਰੀ ਪਾਇ ਖੁਦਾਇ ॥੬੪੦॥**

ਉਸ ਨੂੰ ਲੱਜਾ ਆਈ। ਨੂਰ ਜਹਾਨ ਨੇ ਜਦੋਂ ਪੁੱਛ ਹੀ ਲਿਆ ਕਿ ਇਤਨਾ ਕਾਬੂ ਆਪਣੇ 'ਤੇ ਤੁਸੀਂ ਕਿਵੇਂ ਪਾਇਆ ਹੋਇਆ ਹੈ ਤਾਂ ਆਪ ਜੀ ਨੇ ਫਰਮਾਇਆ–

**ਮੌਤ ਭੁੱਲਦੀ ਨਹੀਂ ਤੇ ਖ਼ੁਦਾ ਦੀ ਯਾਦ ਟੁੱਟਦੀ ਨਹੀਂ।**

ਜਦ ਜਹਾਂਗੀਰ ਨਾਲ ਵੱਖਰੀ ਭੇਂਟ ਹੋਈ ਤਾਂ ਉਸ ਨਿਮਰਤਾ ਨਾਲ ਖਿਮਾ ਮੰਗੀ ਤੇ ਖ਼ਾਹਿਸ਼ ਪ੍ਰਗਟਾਈ ਕਿ ਗੋਇੰਦਵਾਲ ਤੇ ਤਰਨਤਾਰਨ ਦੇ ਦਰਸ਼ਨਾਂ ਬਾਅਦ ਅਕਾਲ ਤਖ਼ਤ ਅਤੇ ਦਰਬਾਰ ਸਾਹਿਬ ਪੁੱਜ ਕੇ ਮਾਤਾ ਜੀ ਕੋਲੋਂ ਕ੍ਰਿਪਾ ਕਰ ਖ਼ਿਮਾ ਲੈ ਦੇਵੋ। ਮਹਾਰਾਜ ਨੇ ਕਿਹਾ – ਜਦ ਜੀਅ ਆਏ, ਉਥੇ ਆਓ। ਗੁਰੂ–ਘਰ ਕੋਈ ਰੋਕ ਨਹੀਂ।

ਗੁਰੂ ਜੀ ਵੀ ਕੁਸਲ ਸੇਤੀ ਸ੍ਰੀ ਅੰਮ੍ਰਿਤਸਰ ਪੁੱਜੇ। ਸਾਰਾ ਇਲਾਕਾ ਹੀ ਦਰਸ਼ਨਾਂ ਲਈ ਉਮਡ ਪਿਆ। ਬਾਬਾ ਬੁੱਢਾ ਜੀ ਨੇ ਸਹੀ ਸਲਾਮਤ ਪੁੱਜਣ ਦੀ ਅਰਦਾਸ ਕੀਤੀ। ਮਾਤਾ ਜੀ ਦੇ ਚਰਨ ਜਦ ਗੁਰੂ ਜੀ ਨੇ ਛੂਹੇ, ਉਨ੍ਹਾਂ ਛਾਤੀ ਨਾਲ ਲਗਾ ਲਿਆ ਤੇ ਕਿਹਾ, 'ਅੱਜ ਖੁਸ਼ੀ ਸੰਭਾਲੀ ਨਹੀਂ ਜਾਂਦੀ।'

**ਮਾਤਾ ਕੇ ਚਰਨੀ ਲਗੇ ਮਾਤ ਲੀਨ ਉਰਿ ਲਾਇ।**
**ਆਨੰਦ ਸੋਂ ਸੁਤ ਤੁਮ ਆਏ ਪ੍ਰੇਮ ਨ ਚਿੱਤਿ ਸਮਾਇ ॥੬੩੭॥**

ਅਜੇ ਗੁਰੂ ਹਰਿਗੋਬਿੰਦ ਜੀ ਸ੍ਰੀ ਅੰਮ੍ਰਿਤਸਰ ਪੁੱਜੇ ਹੀ ਸਨ ਕਿ ਖ਼ਬਰ ਪੁੱਜੀ ਕਿ ਜਹਾਂਗੀਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਉਣਾ ਚਾਹੁੰਦੇ ਹਨ। ਗੁਰੂ ਜੀ ਨੇ ਮੋੜਵਾਂ ਸੁਨੇਹਾ ਭੇਜਿਆ ਕਿ ਜਦ ਚਿੱਤ ਚਾਹੇ ਆਵੋ ! ਜਹਾਂਗੀਰ ਤਰਨਤਾਰਨ ਦੇ ਰਾਹ ਬਾਹਰਲੀ ਬਾਹੀ ਸ੍ਰੀ ਦਰਬਾਰ ਸਾਹਿਬ ਪੁੱਜਾ ਤਾਂ ਮਹਾਰਾਜ ਨੇ ਭਾਈ ਗੁਰਦਾਸ ਜੀ ਨੂੰ ਅੱਗੋਂ ਭੇਜਿਆ ਕਿ ਨਾਲ ਲੈ ਆਵੋ ! ਉਸ ਨੇ ਪਹਿਲਾਂ ਬਾਹਰੋਂ ਹੀ ਸਿਰ ਨਿਵਾਇਆ ਤੇ ਫਿਰ ਅਕਾਲ ਤਖ਼ਤ 'ਤੇ ਕੜਾਹ ਪ੍ਰਸ਼ਾਦ ਕਰਵਾਇਆ। ਮੱਥਾ ਟੇਕਿਆ –

**'ਦਰਸ ਤਖ਼ਤ ਕਰਿ ਅਨੰਦ ਚੀਨੀ ॥੬੭੬॥**

ਫਿਰ ਸ੍ਰੀ ਦਰਬਾਰ ਸਾਹਿਬ ਆਇਆ। ਬੈਠ ਕੀਰਤਨ ਸੁਣਿਆ। ਉਥੇ ਪੰਜ ਸੌ ਮੁਹਰਾਂ ਚੜ੍ਹਾਈਆਂ। ਬਲਵੰਡ ਜੀ ਦਾ ਕੀਰਤਨ ਸੁਣ ਮਨ ਟਿਕਿਆ ਤੇ ਉਸ ਬੇਅੰਤ ਮਾਇਆ ਭੇਟ ਕੀਤੀ। ਕੀਰਤਨ ਦੇ ਭੋਗ ਉਪਰੰਤ ਜਹਾਂਗੀਰ ਨੇ ਮਾਤਾ ਜੀ ਦੇ ਦਰਸ਼ਨਾਂ ਦੀ ਲੋਚਾ ਦੱਸੀ ਤੇ ਗੁਰੂ ਜੀ ਨੂੰ ਕਿਹਾ ਕਿ ਮਾਤਾ ਜੀ ਪਾਸ ਕ੍ਰਿਪਾ ਕਰਕੇ ਲੈ ਚੱਲੋ ਤਾਂ ਕਿ ਜਾ ਕੇ ਖਿਮਾ ਪ੍ਰਾਪਤ ਕਰਾਂ–

**ਚਲੋ ਪੀਰ ਮਾਤਾ ਨਿਕਟਾਇ।**
**ਪਰੀ ਭੂਲ ਮਮ ਛਿਮਾ ਕਰਾਇ ॥੬੮੦॥**

ਬੇਅੰਤ ਲੋਕੀਂ ਨਾਲ ਟੁਰ ਪਏ। ਗੁਰੂ ਕੇ ਮਹਿਲ ਜਹਾਂਗੀਰ ਗਿਆ। ਮਾਤਾ ਜੀ ਦੇ ਚਰਨੀਂ ਹੱਥ ਲਗਾ ਕੇ ਪੰਜ ਸੌ ਮੁਹਰਾਂ ਅੱਗੇ ਰੱਖ ਦਿੱਤੀਆਂ ਅਤੇ ਕਿਹਾ –

**ਛਿਮਾ ਮਾਤ ਮਮ ਕੀਜੀਏ,**
**ਮੁੱਖ ਸੋਂ ਕੀਨ ਉਚਾਰ ॥੬੮੪॥**

ਮਾਤਾ ਜੀ ਨੇ ਮੁਹਰਾਂ ਉਸੇ ਵਕਤ ਉਠਵਾ ਦਿੱਤੀਆਂ ਤੇ ਲੋੜਵੰਦਾਂ ਨੂੰ ਵੰਡ ਦਿੱਤੀਆਂ। ਜਦ ਜਹਾਂਗੀਰ ਸਫਾਈਆਂ ਦੇਣ ਲੱਗਾ ਤਾਂ ਮਾਤਾ ਜੀ ਨੇ ਕਿਹਾ, ਇਹ ਯਾਦ ਰੱਖਣਾ, ਜਹਾਂਗੀਰ !

**ਗੁਰ ਗ੍ਰਿਹ ਸਾਥਿ ਵੈਰ ਜੋ ਪਾਵੈ,**
**ਹਲਤ ਪਲਤ ਨਿਜ ਦੋਇ ਗਵਾਵੈ ॥੬੮੮॥**

ਗੁਰੂ ਤਾਂ ਜਨਮ–ਮਰਨ ਵਿਚ ਨਹੀਂ ਹਨ। ਮੂਰਖ ਲੋਕ ਹੀ ਗੁਰੂ ਨਾਲ ਵੈਰ ਕਮਾਉਂਦੇ ਹਨ। ਜਦ ਤੱਕ ਮਾਤਾ ਜੀ ਨੇ ਮੁਖ ਤੋਂ 'ਖਿਮਾ ਕੀਤੀ' ਦੇ ਸ਼ਬਦ ਨਾ ਆਖੇ ਉਤਨੀ ਦੇਰ ਉਸ ਨੂੰ ਚੈਨ ਨਾ ਆਇਆ। ਮਾਤਾ ਜੀ ਨੇ ਕਿਹਾ –

**ਸੁਨੋ ਸ਼ਾਹਿ ਗੁਰ ਤੋਰ ਸਹਾਈ।**
**ਲੋਕ ਪ੍ਰਲੋਕ ਵਿਖੈ ਸੁਖ ਪਾਈ।**
**ਯੌਂ ਸੁਨਿ ਕੈ ਮਾਤਾ ਕੇ ਬੈਨਾ।**
**ਜਹਾਂਗੀਰ ਮਨਿ ਆਯੋ ਚੈਨਾ ॥੬੯੧॥**

ਜਹਾਂਗੀਰ ਨੇ ਇਹ ਵੀ ਇੱਛਾ ਪ੍ਰਗਟਾਈ ਕਿ ਉਹ ਅਕਾਲ ਤਖ਼ਤ ਬਣਵਾਉਣ ਦਾ ਸਾਰਾ ਖਰਚ ਦੇਣਾ ਚਾਹੁੰਦਾ ਹੈ ਪਰ ਮਹਾਰਾਜ ਨੇ ਕਿਹਾ – ਜੈਸਾ ਹੈ, ਸੁੰਦਰ ਹੈ, ਸਮਾਂ ਪਾ ਕੇ ਆਪੇ ਸਿੱਖ ਬਣਾਉਣਗੇ –

**ਕਹਾ ਗੁਰੂ ਅਬ ਨਾਹਿ ਸੁਹਾਵੈ।**
**ਸਮਾ ਪਾਇ ਇਹ ਅਧਿਕ ਬਨਾਵੈ ॥੭੦੦॥**

ਮਹਾਰਾਜ ਦੇ ਸ੍ਰੀ ਅੰਮ੍ਰਿਤਸਰ ਪੁੱਜਣ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਨੇ ਮਰਯਾਦਾ ਥਾਪ ਦਿੱਤੀ ਕਿ ਸ੍ਰੀ ਦਰਬਾਰ ਸਾਹਿਬ ਵਿਖੇ ਦੀਪਮਾਲਾ ਕੀਤੀ ਜਾਏ।

* * * * *

# ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ !

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

**ਭਗਤ ਸਰਦਾਰ ਸਿੰਘ ਜੀ ਦੀ ਗੱਦੀ-ਨਸ਼ੀਨੀ ਦੀ ਵਿਰੋਧਤਾ**

17 ਅਕਤੂਬਰ 1950 ਨੂੰ ਬਾਵਾ ਹਰਨਾਮ ਸਿੰਘ ਜੀ ਨੇ ਬਹੁਤ ਸਾਰੇ ਲੋਕਾਂ ਨੂੰ ਪ੍ਰੇਰ ਕੇ ਬੇਗੋਵਾਲ ਬਰਾਦਰੀ ਦਾ ਸਮਾਗਮ ਰੱਖਿਆ ਅਤੇ ਇਹ ਪ੍ਰਚਾਰ ਬੜੇ ਜ਼ੋਰ ਨਾਲ ਕੀਤਾ ਗਿਆ ਕਿ ਬਾਵਾ ਹਰਨਾਮ ਸਿੰਘ ਜੀ ਸੰਤ ਬਾਬਾ ਪ੍ਰੇਮ ਸਿੰਘ ਦੇ ਭਰਾ ਹਨ, ਇਸ ਲਈ ਉਨ੍ਹਾਂ ਦਾ ਜਾਨਸ਼ੀਨ ਇਨ੍ਹਾਂ ਨੂੰ ਬਨਾਉਣਾ ਹੈ। ਇਹ ਲਹਿਰ ਬੜੇ ਜ਼ੋਰ ਨਾਲ ਚਲਾਈ ਗਈ। ਇਸ ਲਹਿਰ ਵਿਚ ਜਿਨ੍ਹਾਂ ਨੂੰ ਅਸੀਂ ਚੰਗੇ ਪੜ੍ਹੇ ਲਿਖੇ ਸਮਝਦੇ ਸਾਂ, ਉਹ ਇਸ ਲਹਿਰ ਦੇ ਮੋਹਰੀ ਬਣ ਗਏ ਕਿ ਬਾਵਾ ਹਰਨਾਮ ਸਿੰਘ ਜੀ ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਜਾਨਸ਼ੀਨ ਬਨਾਉਣਾ ਹੈ। ਕੁੱਝ ਸੁਆਰਥੀ ਅਨਸਰ, ਜਿਨ੍ਹਾਂ ਨੂੰ ਇਸ ਮਰਯਾਦਾ ਦਾ ਪਤਾ ਹੀ ਕੁੱਝ ਨਹੀਂ ਸੀ, ਬਾਵਾ ਹਰਨਾਮ ਸਿੰਘ ਜੀ ਨੂੰ ਮਹੰਤੀ ਦੀ ਪੱਗ ਬਨਾਉਣ ਲਈ ਤੁੱਲ ਗਏ। ਦਾਸ ਤੇ ਗਿਆਨੀ ਹਰਚਰਨ ਸਿੰਘ ਜੀ ਨੇ ਬਹੁਤੇਰਾ ਲੋਕਾਂ ਨੂੰ ਸਮਝਾਉਣ ਦਾ ਯਤਨ ਕੀਤਾ, ਪਰ ਸਾਡੀ ਕਿਸੇ ਨਾ ਸੁਣੀ। ਅਸੀਂ ਕਿਹਾ ਕਿ ਇਹ ਗੱਦੀ ਸੇਵਕ ਦੀ ਹੈ, ਭਰਾ ਦੀ ਨਹੀਂ। ਬਾਵਾ ਹਰਨਾਮ ਸਿੰਘ ਜੀ ਨੇ ਕੋਈ ਸੇਵਾ ਨਹੀਂ ਕੀਤੀ। ਦੂਸਰਾ, ਇਨ੍ਹਾਂ ਦਾ ਕਮਿਊਨਿਸਟਾਂ ਨਾਲ ਸੰਬੰਧ ਹੈ, ਜਿਨ੍ਹਾਂ ਦਾ ਧਰਮ ਉੱਤੇ ਵਿਸ਼ਵਾਸ ਹੀ ਨਹੀਂ। ਇਹ ਧਾਰਮਿਕ ਗੱਦੀ ਹੈ, ਨਾਸਤਿਕ ਬੰਦੇ ਦਾ ਇਸ ਨਾਲ ਕੀ ਸੰਬੰਧ! ਅਖੀਰ ਅਸੀਂ ਇਹ ਭੀ ਕਿਹਾ ਕਿ ਜੇਕਰ ਤੁਸੀਂ ਬਾਵਾ ਹਰਨਾਮ ਸਿੰਘ ਜੀ ਨੂੰ ਗੱਦੀ ਦੇਣੀ ਹੀ ਚਾਹੁੰਦੇ ਹੋ ਤਾਂ ਸੰਤ ਬਾਬਾ ਪ੍ਰੇਮ ਸਿੰਘ ਜੀ ਦਾ ਚੇਲਾ ਬਣ ਕੇ ਲਵੇ ਤਾਂ ਕਿ ਇਹ ਡੇਰਾ ਬਣਿਆ ਰਹੇ। ਜੇਕਰ ਇਸ ਨੂੰ ਭਰਾ ਕਰਕੇ ਗੱਦੀ ਦਿਉਗੇ ਤਾਂ ਇਹ ਡੇਰਾ ਨਹੀਂ ਰਹੇਗਾ, ਘਰ ਬਣ ਜਾਵੇਗਾ, ਮਹਾਂਪੁਰਖਾਂ ਦੀ ਯਾਦ ਖਤਮ ਹੋ ਜਾਵੇਗੀ ਅਤੇ ਡੇਰੇ ਦੀ ਜਾਇਦਾਦ ਨਿੱਜੀ ਬਣ ਜਾਵੇਗੀ। ਪਰ ਸਾਡੀ ਕਿਸੇ ਨੇ ਨਾ ਸੁਣੀ। ਬੜੇ ਸਿਆਣੇ-ਸਿਆਣੇ ਬੰਦੇ ਭੀ ਇਸ ਲਹਿਰ ਵਿਚ ਰੁੜ੍ਹ ਗਏ। ਇੱਕ ਚੌਧਰੀ ਲੱਖੀ ਸਿੰਘ ਜੀ ਅਤੇ ਇਕ ਸ. ਫੇਰਾ ਸਿੰਘ ਜੀ ਤਹਿਸੀਲਦਾਰ, ਇਨ੍ਹਾਂ ਦੋਹਾਂ ਸਾਡਾ ਸਾਥ ਦਿੱਤਾ ਤੇ ਕਿਹਾ ਕਿ ਤੁਸੀਂ ਠੀਕ ਹੋ। ਇਸ ਤਰ੍ਹਾਂ ਸਾਡੀ ਵਿਰੋਧਤਾ ਕਰਨ ਦੇ ਬਾਵਜੂਦ ਬਾਵਾ ਹਰਨਾਮ ਸਿੰਘ ਜੀ ਦੇ ਸਿਰ ਤੇ ਪੱਗ ਬੰਨ੍ਹ ਦਿੱਤੀ। ਇਸ ਤਰ੍ਹਾਂ ਦੀ ਪੱਗ ਬੰਨ੍ਹਣ ਤੇ ਇੱਕ ਭਰਾ ਨੂੰ ਗੱਦੀ ਦੇਣ ਨੂੰ ਕਹਿਣਾ ਕਿ ਇਹ ਭਿੰਡਰਾਂ ਵਾਲੇ ਨੇ ਪੁਰਾਣੀ ਪਰੰਪਰਾ ਅਨੁਸਾਰ ਬਾਵਾ ਹਰਨਾਮ ਸਿੰਘ ਜੀ ਨੂੰ ਦਸਤਾਰ ਬੰਨ੍ਹਾਈ, ਕੇਡੀ ਹਾਸੋ-ਹੀਣੀ ਗੱਲ ਹੈ। ਕੀ ਇੱਕ ਭਰਾ ਨੂੰ ਗੱਦੀ ਤੇ ਬਿਠਾਉਣਾ ਪੁਰਾਣੀ ਪਰੰਪਰਾ ਹੈ? ਪੁਰਾਣੀ ਪਰੰਪਰਾ ਉਹ ਹੈ, ਜਿਸ ਦਾ ਮੈਂ ਪਿੱਛੇ ਜ਼ਿਕਰ ਕਰ ਆਇਆ ਹਾਂ ਕਿ ਚੇਲੇ ਦਾ ਹੱਕ ਬਣਦਾ ਹੈ, ਚੇਲੇ ਨੂੰ ਹੀ ਜਾਨਸ਼ੀਨ ਬਨਾਉਣਾ ਯੋਗ ਹੈ, ਭਰਾ ਨੂੰ ਨਹੀਂ।

**ਬਾਵਾ ਹਰਨਾਮ ਸਿੰਘ ਜੀ ਦੇ ਹੱਕ ਵਿਚ ਕੇਸ**

ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕੁੱਝ ਜ਼ਮੀਨ ਖਰੀਦੀ ਹੋਈ ਸੀ। ਉਹ ਆਪਣੀ ਵਲਦੀਅਤ (ਵਲਦ ਵਸਾਵਾ ਸਿੰਘ) ਕਰਕੇ ਖਰੀਦੀ ਸੀ। ਸਭ ਤੋਂ ਪਹਿਲਾਂ ਜ਼ਮੀਨ ਦਾ ਹੀ ਕੇਸ ਅੱਗੇ ਆ ਗਿਆ, ਇਸ ਲਈ ਵਲਦੀਅਤ ਦੇ ਕਾਰਨ ਜ਼ਮੀਨ ਭਰਾਵਾਂ ਨੂੰ ਮਿਲਣੀ ਹੀ ਸੀ। ਇੱਕ ਲੱਖ ਪੈਂਤੀ ਹਜ਼ਾਰ ਰੁਪਏ ਦੀਆਂ ਫਿਕਸ-ਡਿਪਾਜ਼ਿਟ ਦੀਆਂ ਰਸੀਦਾਂ ਮੇਰੇ ਪਾਸ ਮਹਾਂਪੁਰਖਾਂ ਦੀਆਂ ਪਈਆਂ ਹੋਈਆਂ ਸਨ, ਉਹ ਰਕਮ ਸਕਸੈਸ਼ਨ ਸਰਟੀਫਿਕੇਟ ਲੈਣ ਤੇ ਹੀ ਮਿਲਣੀ ਸੀ। ਉਹ ਕੇਸ ਭੀ ਬਾਵਾ ਹਰਨਾਮ ਸਿੰਘ ਜੀ ਦੇ ਹੱਕ ਵਿਚ ਹੋ ਗਿਆ। ਇਨ੍ਹਾਂ ਦਾ ਰਿਸ਼ਤੇਦਾਰ ਬੈਂਕ ਵਿਚ ਸੀ, ਉਸ ਨੇ ਬੜੀ ਹੁਸ਼ਿਆਰੀ ਨਾਲ ਉਹ ਸਾਰੀ ਰਕਮ ਭੀ ਕੱਢਵਾ ਦਿੱਤੀ। ਅਸੀਂ ਇਸ ਸਾਰੇ ਕੇਸ ਲਈ ਹਾਈਕੋਰਟ ਤੱਕ ਅਪੀਲ ਭੀ ਕੀਤੀ, ਪਰ ਵਲਦੀਅਤ ਦੇ ਕਾਰਨ ਸਾਡੀ ਕੋਈ ਪੇਸ਼ ਨਾ ਗਈ। ਇਸ ਤਰ੍ਹਾਂ ਜ਼ਮੀਨ, ਰੁਪਇਆ ਆਦਿ ਸਾਰੀ ਜਾਇਦਾਦ ਦਾ ਮਾਲਕ ਬਾਵਾ ਹਰਨਾਮ ਸਿੰਘ ਜੀ ਬਣ ਗਏ। ਕਿਸੇ ਹੋਰ ਭਰਾ ਨੂੰ ਭੀ ਕੁੱਝ ਨਾ ਦਿੱਤਾ ਅਤੇ ਨਾ ਹੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਕੋਈ ਯਾਦਗਾਰ ਹੀ ਬਣਾਈ।

ਬਾਅਦ ਵਿਚ ਜਿਹੜੇ ਸੱਜਣ ਉਦੋਂ ਬਾਵਾ ਹਰਨਾਮ ਸਿੰਘ ਜੀ ਦੇ ਹੱਕ ਵਿਚ ਸਨ, ਉਹ ਕਹਿਣ ਲੱਗੇ ਕਿ ਤੁਸੀਂ ਠੀਕ ਸਉ, ਅਸੀਂ ਭਾਰੀ ਗਲਤੀ ਕੀਤੀ ਹੈ। ਪਰ ਹੁਣ ਇਹ ਗੱਲ ਕਹਿਣ ਦੇ ਕੀ ਅਰਥ!

**(ਚਲਦਾ)**

*****

**ਕਦੇ ਵੀ ਚਿੰਤਾ ਨਾ ਕਰੋ। ਸਮਾਂ ਚਾਹੇ ਜਿੰਨਾ ਵੀ ਬੁਰਾ ਹੋਵੇ, ਬਦਲਦਾ ਜ਼ਰੂਰੀ ਹੈ।**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸੰਪਾਦਕ'**



ਸਤਵਿੰਦਰ ਸਿੰਘ ਬੇਗੋਵਾਲੀਆ

**ਫੂਨ ਤੋਂ ਆਵਾਜ਼** : ਤੁਸੀਂ ਮਿਸਟਰ ਸਨ ਹੋ?

**ਮਹਿੰਦਰ** : ਉਹ ਘਰ ਨਹੀਂ, ਤੁਸੀਂ ਕੰਮ ਦੱਸੋ।

**ਫੂਨ ਤੋਂ ਆਵਾਜ਼** : ਬੰਦਿਆਂ ਦੀ ਗੱਲ ਬੰਦਿਆਂ ਨੂੰ ਹੀ ਦੱਸਾਂਗੇ।

**ਮਹਿੰਦਰ** : ਮੈਂ ਭਲਾ ਬੰਦਾ ਨਹੀਂ? ਤੁਸੀਂ ਕੌਣ ਹੋ? ਬੋਲਦੇ ਨਹੀਂ.....
ਹੈਲੋ.....ਹੈਲੋ। ਕੱਟ ਦਿੱਤੈ ਆਪੇ ਈ।

**ਸਿੰਮੀ** : ਮੇਰਾ ਦਿਲ ਉਡਦਾ ਜਾ ਰਿਹੈ। ਕਿਤੇ ਅਟੈਕ ਈ ਨਾ ਹੋ ਜਾਏ ਸੋਚ ਸੋਚ ਕੇ।

**ਮਹਿੰਦਰ** : ਭਰਜਾਈ, ਅਟੈਕ ਹੋਏ ਤੁਹਾਡੇ ਦੁਸ਼ਮਣਾਂ ਨੂੰ। ਜੇ ਹੁਣ ਫੂਨ ਆਇਆ ਤਾਂ ਗੱਲ ਕਰਿਓ ਈ ਨਾ।

**ਸੋਨੂੰ** : ਮੈਂ ਆਪੇ ਗੱਲ ਕਰ ਲਵਾਂਗਾ।

**ਸਿੰਮੀ** : ਤੂੰ ਕਿਉਂ ਕਰੇਂਗਾ ਗੱਲ? ਤੈਨੂੰ ਨਹੀਂ ਮੈਂ ਅਗਾਂਹ ਕਰਦੀ ਖ਼ਤਰਿਆਂ ਦੇ ਖੂਹ ਵਿੱਚ।
(ਘਰ ਦੀ ਘੰਟੀ ਖੜਕਦੀ ਹੈ, ਤਿੰਨੇ ਜਣੇ ਬਾਹਰ ਵੱਲ ਵੇਖਦੇ ਹਨ, ਸਨਮ ਆਉਂਦਾ ਹੈ। ਮਹਿੰਦਰ ਅਤੇ ਸਿੰਮੀ ਨੂੰ ਘਬਰਾਹਟ ਵਿੱਚ ਵੇਖ ਕੇ ਹੈਰਾਨ ਹੋ ਜਾਂਦਾ ਹੈ।)

**ਸਨਮ** : ਬੜੇ ਚੁੱਪਚਾਪ ਬੈਠੇ ਹੋ?

**ਸਿੰਮੀ** : (ਰੋਹ ਨਾਲ) ਹੋਰ ਕੋਠੇ ਚੜ੍ਹ ਕੇ ਢੋਲ ਵਜਾਈਏ ਤੇ ਲੋਕਾਂ ਨੂੰ ਦੱਸੀਏ ਸਾਨੂੰ ਕਿਹੜੀ ਗੋਲੀ ਵੱਜੀ ਏ।

**ਸਨਮ** : (ਮਹਿੰਦਰ ਨੂੰ) ਯਾਰ ਤੂੰ ਈ ਦੱਸ.....

**ਮਹਿੰਦਰ** : ਇੱਕ ਛੋਟੀ ਜਿਹੀ ਪਰਾਬਲਮ ਆ ਗਈ ਏ.....

**ਸਿੰਮੀ** : ਛੋਟੀ ਜਿਹੀ ਏ!

**ਸਨਮ** : ਕਿਹੜੀ ਪਰਾਬਲਮ?

**ਸਿੰਮੀ** : ਹੋਰ ਖਿਡਾ ਨਾਟਕ, ਹੋਰ ਲਿਖ ਨਾਟਕ। ਕਹਿੰਦੇ ਸੀ ਮੈਂ ਤਾਂ ਲੋਕਾਂ ਦੀ ਗੱਲ ਕਰਨਾਂ ਵਾਂ ਨਾਟਕਾਂ ਵਿੱਚ।

**ਸਨਮ** : ਹੋਰ ਕੀਹਦੀ ਕਰਾਂ? ਜਿਧਰ ਲੋਕ ਜਾ ਰਹੇ ਹੁੰਦੇ ਨੇ, ਨਾਟਕ ਨੂੰ ਉਧਰ ਤੁਰਨਾ ਈ ਪਵੇਗਾ। ਮੈਂ ਤਾਂ ਤੇਰੀ ਵੀ ਗੱਲ ਕਰਨਾਂ ਨਾਟਕਾਂ ਵਿੱਚ।

**ਸਿੰਮੀ** : ਤੂੰ ਤਾਂ ਮੇਰੇ ਪਿੱਛੇ ਈ ਪਿਆ ਰਹਿੰਦੈਂ ਹੱਥ ਧੋ ਕੇ।
(ਸਿੰਮੀ ਰੋ ਪੈਂਦੀ ਹੈ)।

**ਸਨਮ** : ਸੁੱਖੀਂ ਸਾਂਦੀਂ ਕਿਉਂ ਰੋਈ ਜਾਂਦੀ ਏ?

**ਸਿੰਮੀ** : ਕੌਣ ਕੰਜਰ ਰੌਂਦੇ ਸੁਖੀ ਸਾਂਦੀ? ਕਿਹਦਾ ਦਿਲ ਕਰਦੇ ਰੋਣ ਤੇ।

**ਸਨਮ** : ਮੇਰੇ ਪੱਲੇ ਪਾ, ਕਿਹੜੀ ਗੋਲੀ ਵੱਜ ਗਈ ਏ?

**ਸਿੰਮੀ** : ਗੋਲੀ ਛੱਡ ਕੇ ਗੋਲਾ ਵੱਜ ਗਿਐ। ਮੈਂ ਕਹਿੰਦੀ ਸੀ ਨਾਟਕ ਛੱਡ ਦੇ, ਕਿਹੜੇ ਕਲਾਕਾਰ ਦੀ ਮੈਂ ਜੂਠ ਨਹੀਂ ਧੋਤੀ। ਨਾਲੇ ਕਲਾਕਾਰਾਂ ਨੂੰ ਚਾਹ ਪਿਆਓ, ਰਿਹਰਸਲਾਂ ਕਰਵਾਉ ਤੇ ਖੱਟਿਆ ਕੀ? ਸਿਆਣੇ ਦੇ ਕਹੇ ਦਾ ਤੇ ਔਲੇ ਦੇ ਖਾਧੇ ਦਾ ਪਤਾ ਮਗਰੋਂ ਲੱਗਦੈ।

**(ਚਲਦਾ)**

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।

- ਭਗਵਾਨ ਸਿੰਘ ਲੁਬਾਣਾ

ਸ਼ਹੀਦਾਨਿ-ਵਫ਼ਾ

(ਸਾਕਾ ਸਰਹਿੰਦ)

1.

**ਜਿਸ ਦਮ ਆਨੰਦਪੁਰ ਮੇਂ ਸਤਿਗੁਰ ਮੁਕੀਮ ਥੇ।
ਹਮਰਾਹ ਘਰ ਕੇ ਲੋਕ ਥੇ, ਔਰ ਕੁਛ ਨਦੀਮ ਥੇ।
ਚਾਰੋਂ ਤਰਫ਼ ਸੇ ਕਿਲ੍ਹਾ ਕੋ ਘੇਰੇ ਗ਼ਨੀਮ ਥੇ।
ਟੂਟੇ ਸੇ ਰਿਜ਼ਕ ਕੇ ਦਿਲਿ-ਸਿੰਘਾਂ ਦੁਨੀਮ ਥੇ।
ਪਿਆਸੇ ਥੇ ਔਰ ਭੂਖ ਕੀ ਸ਼ਿੱਦਤ ਕਮਾਲ ਥੀ।
ਥੀ ਮੁਖ਼ਤਸਰ ਸੀ ਫ਼ੌਜ, ਵੁਹ ਭੀ ਨਿਢਾਲ ਥੀ।**

ਜਿਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਨੰਦਪੁਰ ਸਾਹਿਬ ਵਿਖੇ ਰਹਿ ਰਹੇ ਸਨ, ਪਰਿਵਾਰ ਦੇ ਲੋਕ ਅਤੇ ਕੁਝ ਕੁ ਸਾਥੀ ਹੀ ਇਸ ਸਮੇਂ ਆਪਪ ਜੀ ਨਾਲ ਸਨ। ਦੁਸ਼ਮਣ ਦੇ ਦਲਾਂ ਨੇ ਕਿਲ੍ਹੇ ਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਸੀ। ਇਸ ਕਿਲ੍ਹਾ-ਬੰਦੀ ਕਰਕੇ ਕਿਲ੍ਹੇ ਅੰਦਰ ਰਾਸ਼ਨ-ਪਾਣੀ ਨਹੀਂ ਸੀ ਜਾਣ ਦਿੱਤਾ ਜਾਂਦਾ ਅਤੇ ਅੰਨ-ਪਾਣੀ ਦੀ ਤੋਟ ਕਰਕੇ ਸਿੰਘਾਂ ਦੇ ਦਿਲ ਟੁੱਟਦੇ ਜਾ ਰਹੇ ਸਨ। ਪਿਆਸੇ ਹੋਣ ਦੇ ਨਾਲ-ਨਾਲ ਭੁੱਖ ਵੀ ਕਹਿਰਾਂ ਦੀ ਲੱਗੀ ਹੋਈ ਸੀ। ਥੋੜ੍ਹੀ ਜਿਹੀ ਗੁਰੂ ਜੀ ਦੀ ਫ਼ੌਜ ਸੀ ਅਤੇ ਉਹ ਵੀ ਹਾਲੋਂ-ਬੇਹਾਲ ਹੋਈ ਪਈ ਸੀ।

2.

**ਆਦਾ ਕੀ ਫ਼ੌਜ ਕੇ ਨਾ ਸ਼ੁਮਾਰੋ ਹਿਸਾਬ ਥੇ।
ਸਰਦਾਰਿ-ਫ਼ੌਜ ਏਕ ਨਹੀਂ, ਦੋ ਨੱਵਾਬ ਥੇ।
ਰਾਜੇ ਕਈ ਪਹਾੜ ਕੇ ਭੀ ਹਮਰਕਾਬ ਥੇ।
ਸਿੰਘੋਂ ਸੇ ਬਸਤ ਚੰਦ ਯੇਹ ਸ਼ੇਖ਼ੋ-ਸ਼ਬਾਬ ਥੇ।
ਸਿੱਖੋਂ ਕੀ ਆਰਜ਼ੂ ਥੀ ਕਿ ਲੜ ਕਰ ਸ਼ਹੀਦ ਹੋਂ।
ਸਤਿਗੁਰ ਯੇਹ ਸੋਚਤੇ ਥੇ ਨਾ ਜ਼ਾਯਾ ਮੁਰੀਦ ਹੋਂ।**

ਦੁਸ਼ਮਣ ਫ਼ੌਜ ਦੀ ਗਿਣਤੀ ਬੇਹਿਸਾਬ ਸੀ। ਇਨ੍ਹਾਂ ਦਾ ਸੈਨਾਪਤੀ ਵੀ ਇਕ ਨਹੀਂ, ਬਲਕਿ ਦੋ ਸਨ। ਪਹਾੜੀ ਰਿਆਸਤਾਂ ਦੇ ਕੁਝ ਰਾਜੇ ਵੀ ਦੁਸ਼ਮਣ ਫ਼ੌਜ ਦਾ ਸਾਥ ਦੇ ਰਹੇ ਸਨ। ਓਧਰ ਖ਼ਾਲਸਾ ਫ਼ੌਜ ਵਿਚ ਕੁਝ ਬਜ਼ੁਰਗ ਤੇ ਕੁਝ ਜਵਾਨ ਹੀ ਸਨ। ਸਿੰਘਾਂ ਦੇ ਮਨ ਦੀ ਰੀਝ ਦੁਸ਼ਮਣ ਨਾਲ ਦੋ ਹੱਥ ਕਰਦੇ ਹੋਏ ਸ਼ਹੀਦੀਆਂ ਪਾਉਣ ਦੀ ਸੀ, ਲੇਕਿਨ ਸਤਿਗੁਰੂ ਜੀ ਪਿਆਰੇ ਸਿੰਘਾਂ ਦੀਆਂ ਕੀਮਤੀ ਜਾਨਾਂ ਅਜਾਈਂ ਗਵਾਉਣ ਦੇ ਵਿਰੁੱਧ ਸਨ।

3.

